ਅੰਗ ੯੭੫ = ਰਾਗੁ ਨਟ ਨਾਰਾਇਨ ਮਹਲਾ ੪ ੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਅਦੁਤੀ ਬਰਾਬਰੀ ਰਹਿਤ ਵਾਹਿਗੁਰੂ, ਸਰਬ ਸ਼ਕਤੀਮਾਨੁ ਵਾਹਿਗੁਰੂ , ਉਸ ਦਾ ਨਾਮ ਸਦਾ ਕਾਇਮ ਰਹਿਣ ਵਾਲਾ ਹੈ, ਜਗਤ ਨੂੰ ਰਚਨ ਵਾਲਾ ਹੈ, ਸਰਬ ਵਿਆਪਕ ਹਸਤੀ ਹੈ, ਡਰ ਤੇ ਵੈਰ ਰਹਿਤ ਹੈ, ਮੌਤ ਰਹਿਤ ਹਸਤੀ ਹੈ, ਜਨਮ ਮਰਨ ਵਿਚ ਨਹੀਂ ਆਉਂਦਾ, ਅਪਣੇ ਆਪ ਤੋਂ ਪੈਦਾ ਹੋਇਆ ਹੈ ਅਤੇ ਉਹ ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ।

ਸੋਮੇਸ਼੍ਵਰ ਸੰਗੀਤ ਦੇ ਮੱਤ ਅਨੁਸਾਰ ਇਹ ਛੇ ਰਾਗਾਂ ਵਿਚ ਹੈ। ਨਟ, ਬਿਲਾਵਲ ਤੇ ਕਲਿਆਣ ਦੇ ਮੇਲ ਤੋਂ ਨਟ ਨਾਰਾਇਨ ਬਣਦਾ ਹੈ, ਇਹ ਸੰਪੂਰਣ ਜਾਤ ਦਾ ਰਾਗ ਹੈ। ਦਸਮ ਗ੍ਰੰਥ ਵਿਚ ਇਸ ਦਾ ਨਾਮ ਨਟ ਨਾਇਕ ਹੈ। ਮ.ਕੋ. ਅਨੁਸਾਰ ਇਸ ਦੇ ਗਾਉਣ ਦਾ ਸਮਾਂ ਦਿਨ ਦਾ ਚੌਥਾ ਪਹਿਰ ਹੈ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬ ਨੇ ਨਟ ਰਾਗ ਵਿਚ ਹੀ ਇਸ ਰਾਗ ਨੂੰ ਲਿਖਿਆ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਰਾਗੁ ਨਟ ਨਾਰਾਇਨ ੧੯ ਵਾਂ ਰਾਗ ਹੈ। ਇਹ ਰਾਗ ਵਰਖਾ ਰੁੱਤ ਵਿਚ ਦਿਨ ਦੇ ਤੀਜੇ ਪਹਿਰ ਸ਼ਾਮ ਦੇ ਸਮੇਂ ਗਾਇਆ ਜਾਂਦਾ ਹੈ। ਰਾਗ ਮਾਲਾ ਵਿਚ ਇਸ ਨੂੰ ਮੇਘ ਰਾਗ ਦਾ ਪੁਤ੍ਰ ਦਸਿਆ ਹੈ {ਜਬਲੀਧਰ ਨਟ ਅਉ ਜਲਧਾਰਾ ੧੪੩੦} ਸੰ.ਸ.।

ਮੇਰੇ ਮਨ ਜਪਿ ਅਹਿਨਿਸਿ ਨਾਮੁ ਹਰੇ ॥ ਕੋਟਿ ਕੋਟਿ ਦੋਖ ਬਹੁ ਕੀਨੇ, ਸਭ ਪਰਹਰਿ ਪਾਸਿ ਧਰੇ ॥੧॥ਰਹਾਉ॥ ਹਰਿ ਹਰਿ ਨਾਮੁ ਜਪਹਿ ਆਰਾਧਹਿ, ਸੇਵਕ ਭਾਇ ਖਰੇ ॥ ਕਿਲਬਿਖ ਦੋਖ ਗਏ ਸਭ ਨੀਕਰਿ, ਜਿਉ ਪਾਨੀ ਮੈਲੁ ਹਰੇ ॥੧॥ ਖਿਨੁ ਖਿਨੁ ਨਰੁ ਨਾਰਾਇਨ ਗਾਵਹਿ, ਮੁਖਿ ਬੋਲਹਿ ਨਰ ਨਰਹਰੇ ॥ ਪੰਚ ਦੋਖ ਅਸਾਧ ਨਗਰ ਮਹਿ, ਇਕੁ ਖਿਨੁ ਪਲੁ ਦੂਰਿ ਕਰੇ ॥੨॥ ਵਡਭਾਗੀ ਹਰਿ ਨਾਮੁ ਧਿਆਵਹਿ, ਹਰਿ ਕੇ ਭਗਤ ਹਰੇ ॥ ਤਿਨ ਕੀ ਸੰਗਤਿ ਦੇਹਿ ਪ੍ਰਭ ਜਾਚਉ ,ਮੈ ਮੂੜ ਮੁਗਧ ਨਿਸਤਰੇ ॥੩॥ ਕ੍ਰਿਪਾ ਕ੍ਰਿਪਾ ਧਾਰਿ ਜਗਜੀਵਨ, ਰਖਿ ਲੇਵਹੁ ਸਰਨਿ ਪਰੇ ॥ ਨਾਨਕੁ ਜਨੁ ਤੁਮਰੀ ਸਰਨਾਈ, ਹਰਿ ਰਾਖਹੁ ਲਾਜ ਹਰੇ ॥੪॥ ੧॥ ਹੇ ਮੇਰੇ ਮਨ! ਦਿਨ ਰਾਤ ਹਰੀ ਦਾ ਨਾਮ ਜਪਿਆ ਕਰ। (ਜਿਨ੍ਹਾਂ ਨੇ) ਕ੍ਰੋੜਾਂ ਜਨਮਾਂ ਦੇ ਕ੍ਰੋੜਾਂ ਬੇਅੰਤ ਪਾਪ ਕੀਤੇ ਹਨ, (ਪ੍ਰਭੂ ਦਾ ਨਾਮ ਸਿਮਰਨ ਉਨ੍ਹਾਂ ਦੇ) ਸਾਰੇ ਪਾਪ ਦੂਰ ਕਰਕੇ ਪਾਸੇ ਧਰ (ਸੁੱਟ) ਦੇਂਦਾ ਹੈ।੧।ਰਹਾਉ। (ਜਿਹੜੇ ਮਨੁੱਖ) ਸੇਵਕਾਂ ਵਾਲੀ ਚੰਗੀ ਭਾਵਨਾ ਨਾਲ ਮੂੰਹ ਨਾਲ ਹਰੀ ਦਾ ਨਾਮ ਜਪਦੇ ਹਨ ਅਤੇ ਮਨ ਰਾਹੀਂ ਹਰੀ ਦਾ ਨਾਮ ਅਰਾਧਦੇ ਹਨ। (ਉਨ੍ਹਾਂ ਦੇ ਅੰਦਰੋਂ) ਸਾਰੇ ਪਾਪ ਤੇ ਔਗਣ (ਇਉਂ ਬਾਹਰ) ਨਿਕਲ ਜਾਂਦੇ ਹਨ, ਜਿਵੇਂ ਪਾਣੀ ਮੈਲ ਨੂੰ ਦੂਰ ਕਰ ਦੇਂਦਾ ਹੈ।੧। ਜੋ ਮਨੁੱਖ ਖਿਨ ਖਿਨ ਪ੍ਰਮਾਤਮਾ ਦੇ ਗੁਣ ਗਾਉਂਦੇ ਹਨ ਅਤੇ ਮੂੰਹ ਨਾਲ ਪ੍ਰਮਾਤਮਾ ਦਾ ਨਾਮ ਉਚਾਰਦੇ ਹਨ। ਸਰੀਰ ਰੂਪ ਨਗਰ ਵਿਚ ਜੋ ਨਾ ਸਾਧੇ ਜਾਣ ਵਾਲੇ ਪੰਜ ਵਿਕਾਰ ਹਨ, (ਉਨ੍ਹਾਂ ਵਿਕਾਰਾਂ ਨੂੰ ਪ੍ਰਭੂ ਦਾ ਸਿਮਰਨ ਸਰੀਰ ਵਿਚੋਂ) ਇਕ ਖਿਨ ਇਕ ਪਲ ਵਿਚ ਹੀ ਦੂਰ ਕਰ ਦਿੰਦਾ ਹੈ।੨। ਜੋ ਵੱਡੇ ਭਾਗਾਂ ਵਾਲੇ ਮਨੁੱਖ ਹਰੀ ਦਾ ਨਾਮ ਸਿਮਰਦੇ ਹਨ, ਹਰੀ ਦੇ ਉਹ ਭਗਤ ਹਰੇ ਭਰੇ ਹੋ ਜਾਂਦੇ ਹਨ। ਹੇ ਪ੍ਰਭੂ! ਮੈਂ ਤੇਰੇ ਪਾਸੋਂ ਮੰਗਦਾ ਹਾਂ, ਮੈਨੂੰ ਉਨ੍ਹਾਂ ਦੀ ਸੰਗਤ ਬਖਸ਼ਿਸ਼ ਕਰ ਦੇਹ, (ਅਜੇਹੇ ਭਗਤਾਂ ਦੀ ਸੰਗਤ ਕਰਕੇ) ਮੇਰੇ ਵਰਗੇ ਮਹਾਂ ਮੂਰਖ (ਭਵਜਲ ਤੋਂ) ਤਰ ਜਾਂਦੇ ਹਨ। ੩। ਹੇ ਜਗਤ ਨੂੰ ਜੀਵਨ ਦੇਣ ਵਾਲੇ ਪ੍ਰਭੂ! (ਮੇਰੇ ਤੇ) ਕ੍ਰਿਪਾ ਕਰ, ਕ੍ਰਿਪਾ ਕਰ, ਮੈਂ ਤੇਰੀ ਸ਼ਰਨ ਵਿਚ ਪਿਆ ਹਾਂ, ਮੈਨੂੰ ਰੱਖ (ਬਚਾ) ਲਵੋ ਜੀ। ਦਾਸ ਨਾਨਕ ਤੇਰੀ ਸਰਨ ਵਿਚ ਆਇਆ ਹੈ, ਮੇਰੀ ਲਾਜ ਰਖ ਲਵੋ ਜੀ।੪।੧।

ਪਦਾਰਥ = ਮਨ–ਹੇ ਮਨ!। ਅਹਿ–ਦਿਨ। ਨਿਸਿ–ਰਾਤ। ਹਰੇ–ਹਰੀ ਦਾ। ਕੋਟਿ–ਕ੍ਰੋੜਾਂ। ਦੋਖ–ਪਾਪ। ਬਹੁ–ਬਹੁਤ। ਪਰਹਰਿ–ਦੂਰ ਕਰ ਕੇ। ਪਾਸਿ ਧਰੇ–ਪਾਸੇ (ਲਾਂਭੇ) ਸੁੱਟ ਦੇਂਦਾ ਹੈ।੧।ਰਹਾਉ। ਜਪਹਿ–ਜਪਦੇ ਹਨ। ਆਰਾਧਹਿ–ਅਰਾਧਦੇ ਹਨ। ਸੇਵਕ ਭਾਇ–ਸੇਵਕਾਂ ਵਾਲੀ ਭਾਵਨਾ ਨਾਲ। ਖਰੇ–ਚੰਗੇ ਜੀਵਨ ਵਾਲੇ। ਕਿਲਬਿਖ–ਪਾਪ। ਗਏ ਨੀਕਰਿ–ਨਿਕਲ ਗਏ। ਹਰੇ–ਦੂਰ ਕਰਦਾ ਹੈ।੧। ਨਰੁ ਨਾਰਾਇਨ–ਨਰ ਸਿੰਘ ਅਵਤਾਰ (ਵਾਹਿਗੁਰੂ)। ਗਾਵਹਿ–ਗਾਉਂਦੇ ਹਨ। ਮੁਖਿ–ਮੂੰਹ ਨਾਲ। ਨਰ ਨਰਹਰੇ–ਪ੍ਰਮਾਤਮਾ। ਪੰਚ ਦੋਖ–ਪੰਜ ਵਿਕਾਰ (ਸ਼ਬਦ ਸਪਰਸ ਰਸ ਰੂਪ ਤੇ ਗੰਧ; ਪੰਜ ਕਾਮਾਦਿਕ)। ਅਸਾਧ–ਕਾਬੂ ਨਾ ਆਉਣ ਵਾਲੇ। ਨਗਰ ਮਹਿ–ਸਰੀਰ ਰੂਪ ਨਗਰ ਵਿਚ।੨। ਵਡਭਾਗੀ–ਵੱਡੇ ਭਾਗਾਂ ਵਾਲੇ। ਹਰੇ–ਹਰੇ ਭਰੇ (ਪ੍ਰਸੰਨ ਚਿਤ)। ਤਿਨ ਕੀ–ਉਨ੍ਹਾਂ ਦੀ। ਪ੍ਰਭ–ਹੇ ਪ੍ਰਭੂ!। ਜਾਚਉ–ਮੈਂ ਮੰਗਦਾ ਹਾਂ। ਮੂੜ ਮੁਗਧ–ਮਹਾਂ ਮੂਰਖ। ਨਿਸਤਰੇ–(ਭਵਜਲ ਤੋਂ) ਤਰ ਜਾਂਦੇ ਹਨ।੩। ਕ੍ਰਿਪਾ ਧਾਰਿ–ਕ੍ਰਿਪਾ ਕਰ। ਜਗਜੀਵਨ–ਹੇ ਜਗਤ ਨੂੰ ਜੀਵਨ ਦੇਣ ਵਾਲੇ ਪ੍ਰਭੂ!। ਪਰੇ–ਪਿਆ ਹਾਂ। ਜਨੁ–ਦਾਸ। ਲਾਜ–ਇੱਜਤ। ਹਰੇ–ਹੇ ਹਰੀ!।੪।੧।

ਸੇਵਕ ਭਾਇ ਖਰੇ = ਉਹ ਮਨੁੱਖ ਚੰਗੇ ਜੀਵਨ ਵਾਲੇ ਹਨ, ਜੋ ਸੇਵਕ ਭਾਵਨਾ ਨਾਲ ਹਰੀ ਦਾ ਨਾਮ ਜਪਦੇ ਹਨ।

ਨਟ ਮਹਲਾ ੪ ॥ ਰਾਮ ਜਪਿ, ਜਨ ਰਾਮੈ ਨਾਮਿ ਰਲੇ ॥ ਰਾਮ ਨਾਮੁ ਜਪਿਓ ਗੁਰ ਬਚਨੀ, ਹਰਿ ਧਾਰੀ ਹਰਿ ਕ੍ਰਿਪਲੇ ॥੧॥ਰਹਾਉ॥ ਹਰਿ ਹਰਿ ਅਗਮ ਅਗੋਚਰੁ ਸੁਆਮੀ, ਜਨ ਜਪਿ ਮਿਲਿ ਸਲਲ ਸਲਲੇ ॥ ਹਰਿ ਕੇ ਸੰਤ ਮਿਲਿ ਰਾਮ ਰਸੁ ਪਾਇਆ, ਹਮ ਜਨ ਕੈ ਬਲਿ ਬਲਲੇ ॥੧॥ ਪੁਰਖੋਤਮੁ ਹਰਿ ਨਾਮੁ ਜਨਿ ਗਾਇਓ, ਸਭਿ ਦਾਲਦ ਦੁਖ ਦਲਲੇ ॥ ਵਿਚਿ ਦੇਹੀ ਦੋਖ ਅਸਾਧ ਪੰਚ ਧਾਤੂ ,ਹਰਿ

ਕੀਏ ਖਿਨ ਪਰਲੇ ॥੨॥ ਹਰਿ ਕੇ ਸੰਤ ਮਨਿ ਪ੍ਰੀਤਿ ਲਗਾਈ, ਜਿਉ ਦੇਖੈ ਸਸਿ ਕਮਲੇ ॥ ਉਨਵੈ ਘਨੁ ਘਨ ਘਨਿਹਰੁ ਗਰਜੈ, ਮਨਿ ਬਿਗਸੈ ਮੋਰ ਮੁਰਲੇ ॥੩॥ ਹਮਰੈ ਸੁਆਮੀ ਲੋਚ ਹਮ ਲਾਈ, ਹਮ ਜੀਵਹ ਦੇਖਿ ਹਰਿ ਮਿਲੇ ॥ ਜਨ ਨਾਨਕ ਹਰਿ ਅਮਲ ਹਰਿ ਲਾਏ, ਹਰਿ ਮੇਲਹੁ ਅਨਦ ਭਲੇ ॥੪॥੨॥(ਹੇ ਭਾਈ! ਗੁਰਮੁਖ) ਜਨ ਪ੍ਰਭੂ ਦਾ ਨਾਮ ਜਪ ਕੇ ਪ੍ਰਭੂ ਦੇ ਨਾਮ ਵਿਚ ਮਿਲ ਜਾਂਦੇ ਹਨ।(ਪਰ ਜਿਸ ਮਨੁੱਖ ਉਤੇ) ਹਰੀ ਨੇ ਕ੍ਰਿਪਾ ਕੀਤੀ ਹੈ, (ਉਸ ਨੇ) ਗੁਰੂ ਦੇ ਬਚਨਾਂ ਦੁਆਰਾ ਪ੍ਰਭੂ ਦਾ ਨਾਮ ਜਪਿਆ ਹੈ।੧।ਰਹਾਉ।ਮਾਲਕ ਪ੍ਰਭੂ ਮਨ ਬਾਣੀ ਦੀ ਪਹੁੰਚ ਤੋਂ ਪਰੇ ਹੈ ਅਤੇ ਇੰਦ੍ਰੀਆਂ ਦੀ ਪਹੁੰਚ ਤੋਂ ਵੀ ਪਰੇ ਹੈ, ਸੇਵਕ (ਹਰੀ ਦਾ) ਨਾਮ ਜਪ ਕੇ (ਹਰੀ ਨਾਲ ਇਉਂ ਮਿਲ ਜਾਂਦੇ ਹਨ, ਜਿਵੇਂ) ਪਾਣੀ ਪਾਣੀ ਵਿਚ ਮਿਲ ਕੇ ਇਕ ਰੂਪ ਹੋ ਜਾਂਦਾ ਹੈ।ਹਰੀ ਦੇ ਸੰਤਾਂ ਨਾਲ ਮਿਲ ਕੇ (ਜਿਨ੍ਹਾਂ ਸੇਵਕਾਂ ਨੇ) ਪ੍ਰਭੂ ਦਾ ਨਾਮ ਰਸ ਪ੍ਰਾਪਤ ਕੀਤਾ ਹੈ, ਅਸੀਂ (ਉਨ੍ਹਾਂ) ਸੇਵਕਾਂ ਦੇ ਬਲਹਾਰ ਬਲਿਹਾਰ ਜਾਂਦੇ ਹਾਂ।੧।(ਜਿਸ) ਸੇਵਕ ਨੇ ਉਤਮ ਪੁਰਖ ਹਰੀ ਦਾ ਨਾਮ ਗਾਇਆ ਹੈ, (ਪ੍ਰਭੂ ਨੇ ਉਸ ਦੇ) ਸਾਰੇ ਦੁਖ ਤੇ ਦਲਿਦ੍ਰ ਦਲ (ਨਾਸ਼ ਕਰ) ਦਿਤੇ ਹਨ।(ਉਸ ਦੇ) ਸਰੀਰ ਵਿਚ ਜੋ ਦੋਸ਼ ਅਤੇ ਨਾ ਸਾਧੇ ਜਾਣ ਵਾਲੇ ਪੰਜ (ਕਾਮਾਦਿਕ) ਵਿਕਾਰ ਹਨ, (ਉਹ ਵਿਕਾਰ) ਹਰੀ ਨੇ ਇਕ ਖਿਨ ਵਿਚ ਨਾਸ਼ ਕਰ ਦਿਤੇ ਹਨ।੨।ਹਰੀ ਦੇ ਸੰਤਾਂ ਨੇ ਮਨ ਵਿਚ (ਪ੍ਰਭੂ ਨਾਲ ਇਸ ਤਰ੍ਹਾਂ ਦੀ) ਪ੍ਰੀਤ ਲਾਈ ਹੈ, ਜਿਵੇਂ ਨੀਲਫੋਰ ਚੰਦ ਨੂੰ ਦੇਖ ਕੇ ਖਿੜਦਾ ਹੈ। ਜਦੋਂ ਸੰਘਣਾ ਬੱਦਲ ਝੁਕਦਾ ਹੈ ਤੇ ਬਹੁਤ ਗਰਜਦਾ ਹੈ, ਤਾਂ ਮੋਰ ਮਨ ਵਿਚ ਖੁਸ਼ ਹੁੰਦੇ ਹਨ ਤੇ ਪੈਲਾਂ ਪਾਉਂਦੇ ਹਨ।੩।ਸਾਡੇ ਮਾਲਕ ਪ੍ਰਭੂ ਨੇ ਮੇਰੇ ਅੰਦਰ (ਨਾਮ ਜਪਣ ਦੀ) ਲੋਚ ਲਾ ਦਿਤੀ ਹੈ, (ਮੈਂ ਉਸ ਗੁਰਮੁਖ ਨੂੰ) ਦੇਖ ਕੇ ਮੈਂ ਜਿਉਂਦਾ ਹਾਂ, ਜੋ ਹਰੀ ਨਾਲ ਮਿਲਿਆ ਹੋਇਆ ਹੈ।ਦਾਸ ਨਾਨਕ ਆਖਦਾ ਹੈ ਕਿ ਹੇ ਹਰੀ! (ਜਿਨ੍ਹਾਂ ਪੁਰਖਾਂ ਨੂੰ ਤੂੰ) ਨਾਮ ਦਾ ਨਸ਼ਾ ਲਾ ਦਿਤਾ ਹੈ, (ਉਨ੍ਹਾਂ ਨਾਲ ਮੈਨੂੰ) ਮਿਲਾ ਦੇ, (ਤਾਂ ਕਿ ਉਨ੍ਹਾਂ ਦੀ ਸੰਗਤ ਵਿਚ ਮੈਂ ਨਾਮ ਜਪ ਕੇ) ਚੰਗਾ ਅਨੰਦ ਮਾਣ ਸਕਾਂ।੪।੨।

ਪਦਾਰਥ = ਰਾਮ–ਸਰਬ ਵਿਆਪਕ ਪ੍ਰਭੂ।ਜਪਿ–ਜਪ ਕੇ।ਜਨ–ਸੇਵਕ।ਰਾਮੈ ਨਾਮਿ–ਪ੍ਰਭੂ ਦੇ ਨਾਮ ਵਿਚ।ਰਲੇ–ਰਲ (ਮਿਲ) ਜਾਂਦੇ ਹਨ।ਗੁਰ ਬਚਨੀ–ਗੁਰੂ ਦੇ ਬਚਨਾਂ ਦੁਆਰਾ।ਧਾਰੀ–ਕੀਤੀ ਹੈ।ਕ੍ਰਿਪਲੇ–ਕ੍ਰਿਪਾ।੧।ਰਹਾਉ।ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ।ਅਗੋਚਰੁ–ਇੰਦ੍ਰੀਆਂ ਦੀ ਪਹੁੰਚ ਪਤੋਂ ਪਰੇ।ਸੁਆਮੀ–ਮਾਲਕ ਪ੍ਰਭੂ।ਜਨ–ਸੇਵਕ।ਸਲਲ–ਪਾਣੀ।ਸਲਲੇ–ਪਾਣੀ ਵਿਚ।ਹਮ–ਅਸੀਂ।ਬਲਿ ਬਲਲੇ–ਬਲਿਹਾਰ ਹਾਂ, ਕੁਰਬਾਨ ਹਾਂ।੧।ਪੁਰਖੋਤਮੁ ਹਰਿ–ਉਤਮ ਪੁਰਖ ਹਰੀ।ਜਨਿ–ਸੇਵਕ ਨੇ।ਦਾਲਦ–ਦਲਿੱਦਰ।ਦਲਲੇ–ਨਾਸ਼ ਕਰ ਦਿਤੇ ਹਨ।ਵਿਚਿ ਦੇਹੀ–ਸਰੀਰ ਵਿਚ।ਦੋਖ–ਪਾਪ।ਅਸਾਧ–ਵਸ ਵਿਚ ਨਾ ਆਉਣ ਵਾਲੇ।ਪੰਚ ਧਾਤੂ–ਕਾਮਾਦਿਕ ਵਿਕਾਰ।ਪਰਲੇ–ਨਾਸ਼ ਕਰ ਦਿਤੇ ਹਨ।੨।ਮਨਿ–ਮਨ ਵਿਚ।ਸਸਿ–ਚੰਦ੍ਰਮਾ।ਕਮਲੇ–ਨੀਲਫੋਰ (ਚੰਦ ਨੂੰ ਦੇਖ ਕੇ ਖਿੜਨ ਵਾਲਾ ਕਮਲ)। ਉਨਵੈ–ਝੁਕਦਾ ਹੈ।ਘਨੁ–ਸੰਘਣਾ।ਘਨ–ਬਹੁਤ।ਘਨਿਹਰੁ–ਬੱਦਲ।ਬਿਗਸੈ–ਖੁਸ਼ ਹੁੰਦਾ ਹੈ।ਮੋਰ ਮੁਰਲੇ–ਮੋਰ ਪੈਲਾਂ ਪਾਉਂਦੇ ਹਨ; ਮੋਰਾਂ ਦੇ ਬੱਚੇ (ਮ.ਕੋ.; ਸ਼ਬਦਾਰਥ); ਮੋਰ ਤੇ ਮੋਰਨੀਆਂ; ਕਲਹਿਰੀ ਮੋਰ।੩।ਲੋਚ–ਤਾਂਘ; ਲਗਨ।ਜੀਵਹ–ਮੈਂ ਜਿਉਂਦਾ ਹਾਂ। ਅਮਲ–ਨਸ਼ਾ।ਅਨਦ ਭਲੇ–ਚੰਗਾ ਅਨੰਦ (ਮਾਣ ਸਕਾਂ)।੪।੨।

ਅੰਗ ੯੭੬ = ਨਟ ਮਹਲਾ ੪ ॥ ਮੇਰੇ ਮਨ, ਜਪਿ ਹਰਿ ਹਰਿ ਨਾਮੁ ਸਖੇ ॥ ਗੁਰ ਪਰਸਾਦੀ ਹਰਿ ਨਾਮੁ ਧਿਆਇਓ, ਹਮ ਸਤਿਗੁਰ ਚਰਨ ਪਖੇ ॥੧॥ਰਹਾਉ॥ ਊਤਮ ਜਗੰਨਾਥ ਜਗਦੀਸੁਰ, ਹਮ ਪਾਪੀ ਸਰਨਿ ਰਖੇ ॥ ਤੁਮ ਵਡ ਪੁਰਖ ਦੀਨ ਦੁਖ ਭੰਜਨ, ਹਰਿ ਦੀਓ ਨਾਮੁ ਮੁਖੇ ॥੧॥ ਹਰਿ ਗੁਨ ਊਚ ਨੀਚ ਹਮ ਗਾਏ, ਗੁਰ ਸਤਿਗੁਰ ਸੰਗਿ ਸਖੇ ॥ ਜਿਉ ਚੰਦਨ ਸੰਗਿ ਬਸੈ ਨਿੰਮੁ ਬਿਰਖਾ, ਗੁਨ ਚੰਦਨ ਕੇ ਬਸਖੇ ॥੨॥ ਹਮਰੇ ਅਵਗਨ ਬਿਖਿਆ ਬਿਖੈ ਕੇ, ਬਹੁ ਬਾਰ ਬਾਰ ਨਿਮਖੇ ॥ ਅਵਗਨਿਆਰੇ ਪਾਥਰ ਭਾਰੇ, ਹਰਿ ਤਾਰੇ ਸੰਗਿ ਜਨਖੇ ॥੩॥ ਜਿਨ ਕਉ ਤੁਮ ਹਰਿ ਰਾਖਹੁ ਸੁਆਮੀ, ਸਭ ਤਿਨ ਕੇ ਪਾਪ ਕ੍ਰਿਖੇ ॥ ਜਨ ਨਾਨਕ ਕੇ ਦਇਆਲ ਪ੍ਰਭ ਸੁਆਮੀ, ਤੁਮ ਦੁਸਟ ਤਾਰੇ ਹਰਣਖੇ ॥੪॥੩॥ ਹੇ ਮੇਰੇ ਮਨ! ਹਰੀ ਤੇਰਾ ਮਿਤ੍ਰ ਹੈ, ਹਰੀ ਦਾ ਨਾਮ ਜਪਿਆ ਕਰ।ਮੈਂ ਗੁਰੂ ਦੀ ਕ੍ਰਿਪਾ ਨਾਲ ਹਰੀ ਦਾ ਨਾਮ ਧਿਆਇਆ ਹੈ ਅਤੇ ਸਤਿਗੁਰੂ ਦੇ ਚਰਨ ਧੋ ਕੇ ਪੀਤੇ ਹਨ।੧।ਰਹਾਉ।ਹੇ ਜਗਤ ਦੇ ਉਤਮ ਮਾਲਕ! ਹੇ ਜਗਤ ਦੇ ਈਸ਼੍ਵਰ! ਅਸੀਂ ਪਾਪੀ ਜੀਵਾਂ ਨੂੰ (ਤੁਸੀਂ ਕ੍ਰਿਪਾ ਕਰਕੇ ਅਪਣੀ) ਸ਼ਰਨ ਵਿਚ ਰੱਖਿਆ ਹੈ।ਤੁਸੀਂ ਵੱਡੇ ਪੁਰਖ ਹੋ, ਗਰੀਬਾਂ ਦੇ ਦੁਖ ਨਾਸ਼ ਕਰਨ ਵਾਲੇ ਹੋ, ਹੇ ਹਰੀ! (ਜਿਸ ਮਨੁੱਖ ਉਤੇ ਤੁਸੀਂ ਕ੍ਰਿਪਾ ਕੀਤੀ ਹੈ, ਉਸ ਦੇ) ਮੂੰਹ ਵਿਚ ਨਾਮ ਅੰਮ੍ਰਿਤ ਪਾ ਦਿਤਾ ਹੈ।੧।(ਹੇ ਭਾਈ!) ਹਰੀ ਦੇ ਗੁਣ ਉਚੇ ਹਨ ਤੇ ਅਸੀਂ ਜੀਵ ਨੀਚ ਹਾਂ, ਪੂਜਨੀਕ ਮਿਤ੍ਰ ਸਤਿਗੁਰੂ ਦੀ ਸੰਗਤ ਵਿਚ (ਮੈਂ ਹਰੀ ਦੇ ਗੁਣ) ਗਾਏ ਹਨ।ਜਿਵੇਂ ਚੰਦਨ ਦੇ ਨਾਲ ਨਿੰਮ ਦਾ ਬ੍ਰਿਛ ਵਸਦਾ ਹੈ, ਚੰਦਨ ਦੇ ਗੁਣ (ਉਸ ਨਿੰਮ ਦੇ ਬ੍ਰਿਛ ਵਿਚ) ਆ ਵਸਦੇ ਹਨ (ਨਿੰਮ ਦਾ ਬ੍ਰਿਛ ਸੁਗੰਧੀ ਵਾਲਾ ਹੋ ਜਾਂਦਾ ਹੈ।ਗੁਰੂ ਦੀ ਸੰਗਤ ਕਰਨ ਨਾਲ ਮਨੁੱਖ ਦਾ ਕੌੜਾ ਸੁਭਾਵ ਦੂਰ ਹੋ ਜਾਂਦਾ ਹੈ)।੨।(ਹੇ ਭਾਈ!) ਸਾਡੇ ਔਗਣ ਮਾਇਆ ਅਤੇ ਵਿਸ਼ਿਆਂ ਦੇ ਸਨ, ਜੋ ਅਸੀਂ ਬਹੁਤ ਬਾਰ ਤੇ ਹਰੇਕ ਪਲ ਕਰੀ ਜਾਂਦੇ ਸਾਂ।ਅਸੀਂ ਔਗਣਾਂ ਵਾਲੇ ਹੋਣ ਕਰਕੇ

ਪੱਥਰ ਵਾਂਗ ਭਾਰੀ ਹੋ ਗਏ ਸਾਂ, ਹਰੀ ਨੇ ਅਪਣੇ ਸੰਤ ਜਨਾਂ ਦੀ ਸੰਗਤ ਦੁਆਰਾ (ਸਾਨੂੰ ਭਵਜਲ ਤੋਂ) ਤਾਰ ਦਿਤਾ ਹੈ।੩।ਹੇ ਮਾਲਕ ਹਰੀ! ਜਿਨ੍ਹਾਂ ਮਨੁੱਖਾਂ ਦੀ ਤੁਸੀਂ ਰੱਖਿਆ ਕਰਦੇ ਹੋ, ਉਨ੍ਹਾਂ ਦੇ ਸਾਰੇ ਪਾਪ ਪੁੱਟ ਸੁੱਟੇ ਹਨ।ਦਾਸ ਨਾਨਕ ਦੇ ਹੇ ਦਿਆਲੂ ਮਾਲਕ ਪ੍ਰਭੂ! ਤੁਸੀਂ ਹਰਣਾਖਸ਼ ਵਰਗੇ ਦੁਸ਼ਟ ਵੀ (ਭਵਜਲ ਤੋਂ) ਤਾਰ ਦਿਤੇ ਹਨ (ਅਪਣੇ ਸੇਵਕਾਂ ਨੂੰ ਤਾਂ ਜਰੂਰ ਤਾਰੋਗੇ)।੪।੩।

ਪਦਾਰਥ = ਮਨ-ਹੇ ਮਨ!।ਸਖੇ-ਮਿਤ੍ਰ।ਗੁਰ ਪਰਸਾਦੀ-ਗੁਰੂ ਦੀ ਕ੍ਰਿਪਾ ਨਾਲ।ਪਖੇ-ਧੋਤੇ ਹਨ।੧।ਰਹਾਉ।ਜਗੰਨਾਥ-ਹੇ ਜਗਤ ਦੇ ਮਾਲਕ!।ਜਗਦੀਸੁਰ-ਹੇ ਜਗਤ ਦੇ ਈਸ਼੍ਵਰ!।ਹਮ-ਅਸੀਂ (ਤਮਾਮ ਜੀਵ)।ਸਰਨਿ-ਸਰਨ ਵਿਚ।ਸਰਨਿ ਰਖੇ-ਸ਼ਰਨ ਵਿਚ ਰੱਖਿਆ ਹੈ।ਦੀਨ ਦੁਖ ਭੰਜਨ-ਗਰੀਬਾਂ ਦੇ ਦੁਖ ਨਾਸ਼ ਕਰਨ ਵਾਲਾ।ਮੁਖੇ-ਮੂੰਹ ਵਿਚ।੧।ਗਾਏ-ਗੁਣ ਗਾਏ ਹਨ।ਸੰਗਿ-ਸੰਗਤ ਵਿਚ; ਨਾਲ।ਸਖੇ-ਮਿਤ੍ਰ।ਬਿਰਖਾ-ਬ੍ਰਿਛ।ਬਸਖੇ-ਵਸ ਜਾਂਦੇ ਹਨ।੨।ਬਿਖਿਆ-ਮਾਇਆ।ਬਿਖੈ ਕੇ-ਵਿਸ਼ਿਆਂ ਦੇ।ਬਹੁ-ਬਹੁਤ। ਨਿਮਖੇ-ਅੱਖ ਝਮਕਣ ਜਿੰਨਾ ਸਮਾਂ।ਹਰਿ-ਹਰੀ ਨੇ।ਤਾਰੇ-ਤਾਰ ਦਿਤੇ।ਸੰਗਿ ਜਨ ਖੇ-ਸੰਤ ਜਨਾਂ ਦੀ ਸੰਗਤ ਦੁਆਰਾ।੩।ਜਿਨ ਕਉ-ਜਿਨ੍ਹਾਂ ਨੂੰ।ਰਾਖਹੁ-ਰੱਖਿਆ ਕਰਦੇ ਹੋ।ਤਿਨ ਕੇ-ਉਨ੍ਹਾਂ ਦੇ।ਕ੍ਰਿਖੇ-ਪੁਟ ਸੁੱਟੇ ਹਨ।ਹਰਣਖੇ-ਹਰਣਾਖਸ਼ ਵਰਗੇ।੪।੩।

ਨਟ ਮਹਲਾ ੪ ॥ ਮੇਰੇ ਮਨ, ਜਪਿ ਹਰਿ ਹਰਿ ਰਾਮ ਰੰਗੇ ॥ ਹਰਿ ਹਰਿ ਕ੍ਰਿਪਾ ਕਰੀ ਜਗਦੀਸੁਰਿ, ਹਰਿ ਧਿਆਇਓ ਜਨ ਪਗ ਲਗੇ ॥੧॥ਰਹਾਉ॥ ਜਨਮ ਜਨਮ ਕੇ ਭੂਲ ਚੂਕ ਹਮ, ਅਬ ਆਏ ਪ੍ਰਭ ਸਰਨਗੇ ॥ ਤੁਮ ਸਰਣਾਗਤਿ ਪ੍ਰਤਿਪਾਲਕ ਸੁਆਮੀ, ਹਮ ਰਾਖਹੁ ਵਡ ਪਾਪਗੇ ॥੧॥ ਤੁਮਰੀ ਸੰਗਤਿ ਹਰਿ ਕੋ ਕੋ ਨ ਉਧਰਿਓ, ਪ੍ਰਭ ਕੀਏ ਪਤਿਤ ਪਵਗੇ ॥ ਗੁਨ ਗਾਵਤ ਛੀਪਾ ਦੁਸਟਾਰਿਓ, ਪ੍ਰਭਿ ਰਾਖੀ ਪੈਜ ਜਨਗੇ ॥੨॥ ਜੋ ਤੁਮਰੇ ਗੁਨ ਗਾਵਹਿ ਸੁਆਮੀ, ਹਉ ਬਲਿ ਬਲਿ ਬਲਿ ਤਿਨਗੇ ॥ ਭਵਨ ਭਵਨ ਪਵਿਤ੍ਰ ਸਭਿ ਕੀਏ, ਜਹ ਧੂਰਿ ਪਰੀ ਜਨ ਪਗੇ ॥੩॥ ਤੁਮਰੇ ਗੁਨ ਪ੍ਰਭ ਕਹਿ ਨ ਸਕਹਿ ਹਮ, ਤੁਮ ਵਡ ਵਡ ਪੁਰਖ ਵਡਗੇ ॥ ਜਨ ਨਾਨਕ ਕਉ ਦਇਆ ਪ੍ਰਭ ਧਾਰਹੁ ,ਹਮ ਸੇਵਹ ਤੁਮ ਜਨ ਪਗੇ ॥੪॥੪॥ ਹੇ ਮੇਰੇ ਮਨ! ਪ੍ਰਮਾਤਮਾ ਦੇ ਨਾਮ ਵਿਚ ਰੰਗੇ ਜੋ ਸੰਤ ਹਨ, ਉਨ੍ਹਾਂ ਨਾਲ ਮਿਲ ਕੇ ਤੂੰ ਪ੍ਰਮਾਤਮਾ ਦਾ ਨਾਮ ਜਪਿਆ ਕਰ।ਜਗਤ ਦੇ ਮਾਲਕ ਪ੍ਰਭੂ ਨੇ (ਜਿਸ ਮਨੁੱਖ ਉਤੇ) ਕ੍ਰਿਪਾ ਕੀਤੀ ਹੈ, (ਉਸ ਨੇ) ਸੰਤ ਜਨਾਂ ਦੇ ਚਰਨੀਂ ਲਗ ਕੇ ਪ੍ਰਭੂ ਦਾ ਨਾਮ ਧਿਆਇਆ ਹੈ।੧।ਰਹਾਉ।ਹੇ ਪ੍ਰਭੂ! ਅਸੀਂ ਜੀਵ ਜਨਮਾਂ ਜਨਮਾਂ ਵਿਚ ਭੁੱਲਾਂ ਚੁੱਕਾਂ ਕਰਦੇ ਹੁਣ ਤੇਰੀ ਸ਼ਰਨ ਵਿਚ ਆਏ ਹਾਂ।ਹੇ ਮਾਲਕ ਪ੍ਰਭੂ! ਤੂੰ ਸ਼ਰਨ ਵਿਚ ਆਏ ਮਨੁੱਖਾਂ ਦੀ ਪਾਲਣਾ ਕਰਨ ਵਾਲਾ ਹੈਂ, ਅਸੀਂ ਵੱਡੇ ਪਾਪੀ ਹਾਂ, ਸਾਡੀ ਰੱਖਿਆ ਕਰ।੧।ਹੇ ਹਰੀ! ਤੇਰੀ ਸੰਗਤ ਵਿਚ ਆਇਆ ਕੌਣ ਕੌਣ ਮਨੁੱਖ (ਭਵਜਲ ਤੋਂ) ਨਹੀਂ ਤਰਿਆ? ਹੇ ਪ੍ਰਭੂ! ਤੈਂ (ਵੱਡੇ ਵੱਡੇ) ਪਾਪੀ ਪਵਿਤ੍ਰ ਕਰ ਦਿਤੇ ਹਨ।(ਹੇ ਭਾਈ!) ਪ੍ਰਭੂ ਦੇ ਗੁਣ ਗਾ ਰਹੇ (ਜਿਸ ਨਾਮਦੇਵ) ਛੀਂਬੇ ਨੂੰ ਦੁਸ਼ਟ ਕਹਿ ਕੇ (ਬਾਹਮਣਾਂ ਨੇ ਮੰਦਰ ਵਿਚੋਂ ਕੱਢ ਕੇ) ਦੁਰਕਾਰਿਆ ਸੀ, ਪ੍ਰਭੂ ਨੇ (ਉਸ ਅਪਣੇ) ਸੇਵਕ ਦੀ ਪੈਜ ਰੱਖ ਲਈ ਸੀ।੨।ਹੇ ਮਾਲਕ ਪ੍ਰਭੂ! ਜੋ ਮਨੁੱਖ ਤੇਰੇ ਗੁਣ ਗਾਉਂਦੇ ਹਨ, ਮੈਂ ਉਨ੍ਹਾਂ ਤੋਂ ਮਨ, ਬਾਣੀ ਤੇ ਸਰੀਰ ਕਰਕੇ ਬਲਿਹਾਰ ਜਾਂਦਾ ਹਾਂ।ਜਿਸ ਥਾਂ ਤੇ ਸੰਤ ਜਨਾਂ ਦੇ ਚਰਨਾਂ ਦੀ ਧੂੜ ਪੈ ਗਈ ਹੈ, ਤੂੰ ਉਹ ਸਾਰੇ ਪੱਕੇ ਘਰ ਤੇ ਕੱਚੇ ਘਰ ਪਵਿਤ੍ਰ ਕਰ ਦਿਤੇ ਹਨ।੩।ਹੇ ਪ੍ਰਭੂ! ਤੇਰੇ ਗੁਣ ਅਸੀਂ ਜੀਵ ਕਹਿ ਨਹੀਂ ਸਕਦੇ, ਤੂੰ ਵੱਡੇ ਵਡੇ ਦੇਵਤਿਆਂ ਤੋਂ ਵੀ ਵੱਡਾ ਪੁਰਖ ਹੈਂ।ਹੇ ਪ੍ਰਭੂ! ਅਪਣੇ ਦਾਸ ਨਾਨਕ ਉਤੇ ਦਇਆ ਕਰ, ਤਾਂ ਜੋ ਅਸੀਂ ਤੇਰੇ ਸੇਵਕਾਂ ਦੇ ਚਰਨਾਂ ਦੀ ਸੇਵਾ ਕਰ ਸਕੀਏ।੪।੪।

ਪਦਾਰਥ = ਮਨ-ਹੇ ਮਨ!।ਜਪਿ-ਜਪਿਆ ਕਰ।ਰਾਮ-ਸਰਬ ਵਿਆਪਕ ਪ੍ਰਭੂ।ਰੰਗੇ-ਪਿਆਰ ਨਾਲ; (ਨਾਮ ਵਿਚ) ਰੰਗੇ ਹੋਏ।ਕਰੀ -ਕੀਤੀ ਹੈ।ਜਗਦੀਸੁਰਿ-ਜਗਤ ਦੇ ਮਾਲਕ ਨੇ।ਜਨ ਪਗ-ਸੰਤ ਜਨਾਂ ਦੇ ਚਰਨਾਂ ਵਿਚ।ਲਗੇ-ਲਗ ਕੇ।੧।ਰਹਾਉ।ਭੂਲ ਚੂਕ- ਭੁੱਲਾਂ ਚੁੱਕਾਂ (ਗਲਤੀਆਂ)।ਅਬ-ਹੁਣ।ਪ੍ਰਭ-ਹੇ ਪ੍ਰਭੂ!।ਸਰਨਗੇ-ਸ਼ਰਨ ਵਿਚ।ਸਰਣਾਗਤਿ-ਸ਼ਰਣ ਵਿਚ ਆਇਆਂ ਦੀ।ਪ੍ਰਤਿਪਾਲਕ -ਪਾਲਣਾ ਕਰਨ ਵਾਲਾ।ਸੁਆਮੀ-ਹੇ ਮਾਲਕ!।ਹਮ-ਸਾਡੇ।ਵਡ ਪਾਪਗੇ-ਵਡੇ ਪਾਪੀਆਂ ਦੀ।੧।ਕੋ ਕੋ-ਕੌਣ ਕੌਣ।ਨ ਉਧਰਿਓ- ਨਹੀਂ ਤਰਿਆ।ਪ੍ਰਭ-ਹੇ ਪ੍ਰਭੂ!।ਕੀਏ ਪਤਿਤ ਪਵਗੇ-ਪਾਪੀ ਪਵਿਤ੍ਰ ਕਰ ਦਿਤੇ।ਗੁਨ ਗਾਵਤ ਛੀਪਾ-ਗੁਣ ਗਾ ਰਹੇ ਛੀਂਬਾ (ਨਾਮ ਦੇਵ ਜੀ) ਨੂੰ।ਦੁਸਟਾਰਿਓ-ਦੁਸ਼ਟ ਕਹਿ ਕੇ ਦੁਰਕਾਰਿਆ (ਬੇਇਜਤ ਕੀਤਾ)।ਪ੍ਰਭਿ-ਪ੍ਰਭੂ ਨੇ।ਪੈਜ-ਇੱਜਤ।ਜਨਗੇ-(ਅਪਣੇ) ਸੇਵਕ ਦੀ।੨।ਗਾਵਹਿ-ਗਾਉਂਦੇ ਹਨ।ਹਉ-ਮੈਂ।ਬਲਿ-ਬਲਿਹਾਰ ਜਾਂਦਾ ਹਾਂ।ਤਿਨਗੇ-ਉਨ੍ਹਾਂ ਤੋਂ।ਭਵਨ ਭਵਨ-ਪੱਕੇ ਘਰ ਤੇ ਕੱਚੇ ਘਰ। ਜਹ-ਜਿਸ ਥਾਂ।ਧੂਰਿ-ਧੂੜ।ਜਨ ਪਗੇ-ਸੰਤ ਜਨਾਂ ਦੇ ਪੈਰਾਂ ਦੀ।ਪਰੀ-ਪਈ ਹੈ।੩।ਪੁਰਖ-ਅਕਾਲ ਪ੍ਰਭੂ।ਕਉ-ਨੂੰ; ਉਤੇ।ਧਾਰਹੁ- ਕਰੋ।ਸੇਵਹ-ਸੇਵਾ ਕਰ ਸਕੀਏ।੪।੪।

ਨਟ ਮਹਲਾ ੪ ॥ ਮੇਰੇ ਮਨ, ਜਪਿ ਹਰਿ ਹਰਿ ਨਾਮੁ ਮਨੇ ॥ ਜਗੰਨਾਥਿ ਕਿਰਪਾ ਪ੍ਰਭਿ ਧਾਰੀ, ਮਤਿ ਗੁਰਮਤਿ ਨਾਮ ਬਨੇ ॥੧॥ਰਹਾਉ॥ ਹਰਿ ਜਨ ਹਰਿ ਜਸੁ ਹਰਿ ਹਰਿ ਗਾਇਓ, ਉਪਦੇਸਿ ਗੁਰੂ ਗੁਰ ਸੁਨੇ ॥ ਕਿਲਬਿਖ ਪਾਪ ਨਾਮ ਹਰਿ ਕਾਟੇ, ਜਿਵ ਖੇਤ ਕ੍ਰਿਸਾਨਿ ਲੁਨੇ

॥੧॥ ਤੁਮਰੀ ਉਪਮਾ ਤੁਮ ਹੀ ਪ੍ਰਭ ਜਾਨਹੁ ,ਹਮ ਕਹਿ ਨ ਸਕਹਿ ਹਰਿ ਗੁਨੇ ॥ ਜੈਸੇ ਤੁਮ ਤੈਸੇ ਪ੍ਰਭ ਤੁਮ ਹੀ, ਗੁਨ ਜਾਨਹੁ ਪ੍ਰਭ ਅਪੁਨੇ ॥੨॥ ਮਾਇਆ ਫਾਸ ਬੰਧ ਬਹੁ ਬੰਧੇ, ਹਰਿ ਜਪਿਓ ਖੁਲ ਖੁਲਨੇ ॥ ਜਿਉ ਜਲ ਕੁੰਚਰੁ ਤਦੂਐ ਬਾਂਧਿਓ, ਹਰਿ ਚੇਤਿਓ ਮੋਖ ਮੁਖਨੇ ॥੩॥ ਸੁਆਮੀ ਪਾਰਬ੍ਰਹਮ ਪਰਮੇਸਰੁ ,ਤੁਮ ਖੋਜਹੁ ਜੁਗ ਜੁਗਨੇ ॥ ਤੁਮਰੀ ਥਾਹ ਪਾਈ ਨਹੀ ਪਾਵੈ, ਜਨ ਨਾਨਕ ਕੇ ਪ੍ਰਭ ਵਡਨੇ ॥੪॥੫॥ ਹੇ ਮੇਰੇ ਮਨ! ਹਰੀ ਦੇ ਨਾਮ ਨੂੰ ਮੰਨ ਕੇ ਜਪ।(ਜਦੋਂ ਮੇਰੇ ਉਤੇ) ਜਗਤ ਦੇ ਮਾਲਕ ਪ੍ਰਭੂ ਨੇ ਕਿਰਪਾ ਕੀਤੀ, ਤਾਂ ਗੁਰੂ ਦੀ ਸਿੱਖਿਆ ਦੁਆਰਾ (ਮੇਰੀ) ਬੁੱਧੀ ਨਾਮ ਜਪਣ ਵਾਲੀ ਬਣ ਗਈ; ਨਾਮ ਜਪਣ ਨਾਲ ਮੱਤ ਸੋਭਾ ਵਾਲੀ ਹੋ ਗਈ।੧।ਰਹਾਉ।ਹਰੀ ਦੇ (ਜਿਨ੍ਹਾਂ) ਸੇਵਕਾਂ ਨੇ ਪੂਜਨੀਕ ਗੁਰੂ ਦਾ ਉਪਦੇਸ਼ ਸੁਣ ਕੇ ਹਰੀ ਦਾ ਹਰਿ ਹਰਿ ਜਸ ਗਾਇਆ ਹੈ।ਹਰੀ ਦੇ ਨਾਮ ਨੇ (ਉਨ੍ਹਾਂ ਦੇ) ਛੋਟੇ ਪਾਪ ਤੇ ਵੱਡੇ ਪਾਪ (ਸਾਰੇ ਇਉਂ) ਕੱਟ ਦਿਤੇ ਹਨ, ਜਿਵੇਂ ਕਿਰਸਾਨ ਨੇ (ਅਪਣਾ) ਖੇਤ ਕੱਟਿਆ ਹੁੰਦਾ ਹੈ।੧।ਹੇ ਪ੍ਰਭੂ! ਤੇਰੀ ਉਪਮਾ ਤੁਸੀਂ ਆਪ ਹੀ ਜਾਣਦੇ ਹੋ, ਹੇ ਹਰੀ! ਅਸੀਂ ਜੀਵ ਤੇਰੇ ਗੁਣ (ਪੂਰਨ ਤੌਰ ਤੇ) ਕਹਿ ਨਹੀਂ ਸਕਦੇ।ਹੇ ਪ੍ਰਭੂ! ਜਿਸ ਤਰ੍ਹਾਂ ਦੇ ਤੁਸੀਂ ਹੋ, ਉਸ ਤਰ੍ਹਾਂ ਦੇ ਤੁਸੀਂ ਆਪ ਹੀ ਹੋ (ਤੇਰੇ ਵਰਗਾ ਹੋਰ ਕੋਈ ਨਹੀਂ), ਅਪਣੇ ਗੁਣ ਤੁਸੀਂ ਆਪ ਹੀ ਜਾਣਦੇ ਹੋ।੨।(ਹੇ ਪ੍ਰਭੂ! ਅਸੀਂ ਜੀਵ) ਮੋਹ ਮਾਇਆ ਦੀਆਂ ਫਾਹੀਆਂ ਦੇ ਬੰਧਨਾਂ ਵਿਚ ਬਹੁਤ ਬੰਨ੍ਹੇ ਹੋਏ ਹਾਂ, (ਪਰ ਜਿਨ੍ਹਾਂ ਪੁਰਖਾਂ ਨੇ) ਹਰੀ ਦਾ ਨਾਮ ਖੁਲ੍ਹ ਕੇ ਜਪਿਆ ਹੈ, (ਉਨ੍ਹਾਂ ਦੇ ਬੰਧਨ) ਖੁਲ੍ਹ ਗਏ ਹਨ।ਜਿਵੇਂ ਪਾਣੀ ਵਿਚ ਤੰਦੂਏ ਨੇ ਹਾਥੀ ਨੂੰ ਬੰਨ੍ਹ ਲਿਆ ਸੀ, (ਜਦੋਂ ਹਾਥੀ ਨੇ) ਮੁਕਤ ਕਰਨ ਵਾਲੇ ਹਰੀ ਨੂੰ ਯਾਦ ਕੀਤਾ, (ਤਾਂ ਤੰਦੂਏ ਤੋਂ ਹਾਥੀ) ਮੁਕਤ ਹੋ ਗਿਆ ਸੀ।੩।ਹੇ ਮਾਲਕ! ਹੇ ਪਾਰਬ੍ਰਹਮ! ਹੇ ਪ੍ਰਮੇਸਰ! ਭਗਤਾਂ ਵੱਲੋਂ ਤੁਸੀਂ ਜੁਗਾਂ ਜੁਗਾਂ ਤੋਂ ਖੋਜੇ ਜਾ ਰਹੇ ਹੋ।ਦਾਸ ਨਾਨਕ ਦੇ ਹੇ ਵੱਡੇ ਪ੍ਰਭੂ! ਤੇਰੀ ਡੂੰਘਾਈ ਦੀ ਹੱਦ ਕਿਸੇ ਨੇ ਨਹੀਂ ਪਾਈ, ਨਾ ਹੀ (ਅੱਗੋਂ ਕੋਈ) ਪਾ ਸਕੇਗਾ।੪।੫।

ਪਦਾਰਥ = ਮਨੇ-ਮੰਨ ਕੇ।ਜਗੰਨਾਥ ਪ੍ਰਭਿ-ਜਗਤ ਦੇ ਮਾਲਕ ਪ੍ਰਭੂ ਨੇ।ਧਾਰੀ-ਕੀਤੀ।ਮਤਿ-ਅਕਲ।ਗੁਰਮਤਿ-ਗੁਰੂ ਦੀ ਸਿੱਖਿਆ ਰਾਹੀਂ।ਬਨੇ-ਬਣ ਗਈ; ਸੋਭਨੀਕ ਹੋ ਗਈ।੧।ਰਹਾਉ।ਜਨ-ਸੇਵਕ।ਸੁਨੇ-ਸੁਣ ਕੇ।ਕਿਲਿਬਿਖ-ਪਾਪ।ਕਾਟੇ-ਕੱਟ ਦਿਤੇ।ਜਿਵ-ਜਿਵੇਂ।ਕ੍ਰਿਸਾਨਿ-ਕਿਰਸਾਨ ਨੇ।ਲੁਨੇ-ਕੱਟਿਆ ਹੁੰਦਾ ਹੈ।੧।ਉਪਮਾ-ਵਡਿਆਈ।ਤੁਮ ਹੀ ਜਾਨਹੁ-ਤੁਸੀਂ ਹੀ ਜਾਣਦੇ ਹੋ।ਗੁਨੇ-ਗੁਣ।੨।ਫਾਸ ਬੰਧ-ਫਾਹੀਆਂ ਦੇ ਬੰਧਨ।ਬਹੁ ਬੰਧੇ-ਬਹੁਤ ਬੰਨ੍ਹੇ ਹੋਏ ਹਾਂ।ਖੁਲ-ਖੁਲ੍ਹ ਕੇ।ਖੁਲਨੇ-ਖੁਲ੍ਹ ਗਏ।ਕੁੰਚਰੁ-ਹਾਥੀ ਨੂੰ।ਤਦੂਐ-ਤੰਦੂਏ ਨੇ।ਚੇਤਿਓ-ਯਾਦ ਕੀਤਾ।ਮੋਖ-ਮੁਕਤ ਕਰਨ ਵਾਲੇ ਨੂੰ।ਮੁਖਨੇ-ਮੁਕਤ ਹੋ ਗਿਆ।੩।ਤੁਮ ਖੋਜਹੁ-ਤੁਸੀਂ ਖੋਜੇ ਜਾ ਰਹੇ ਹੋ।ਜੁਗ ਜੁਗਨੇ-ਜੁਗਾਂ ਜੁਗਾਂ ਤੋਂ।ਥਾਹ-ਡੂੰਘਾਈ ਦਾ ਥੱਲਾ।ਪਾਈ ਨਹੀ-ਪਾ ਨਹੀਂ ਸਕਿਆ।ਵਡਨੇ-ਵੱਡੇ।੪।੫।

ਅੰਗ ੯੭੭ = ਨਟ ਮਹਲਾ ੪ ॥ ਮੇਰੇ ਮਨ, ਕਲਿ ਕੀਰਤਿ ਹਰਿ ਪ੍ਰਵਣੇ ॥ ਹਰਿ ਹਰਿ ਦਇਆਲਿ ਦਇਆ ਪ੍ਰਭ ਧਾਰੀ, ਲਗਿ ਸਤਿਗੁਰ ਹਰਿ ਜਪਣੇ ॥੧॥ਰਹਾਉ॥ ਹਰਿ ਤੁਮ ਵਡ ਅਗਮ ਅਗੋਚਰ ਸੁਆਮੀ, ਸਭਿ ਧਿਆਵਹਿ ਹਰਿ ਰੁੜਣੇ ॥ ਜਿਨ ਕਉ ਤੁਮ੍ਰੇ ਵਡ ਕਟਾਖ ਹੈ, ਤੇ ਗੁਰਮੁਖਿ ਹਰਿ ਸਿਮਰਣੇ ॥੧॥ ਇਹੁ ਪਰਪੰਚੁ ਕੀਆ ਪ੍ਰਭ ਸੁਆਮੀ, ਸਭੁ ਜਗਜੀਵਨੁ ਜੁਗਣੇ ॥ ਜਿਉ ਸਲਲੈ ਸਲਲ ਉਠਹਿ ਬਹੁ ਲਹਰੀ, ਮਿਲਿ ਸਲਲੈ ਸਲਲ ਸਮਣੇ ॥੨॥ ਜੋ ਪ੍ਰਭ ਕੀਆ ਸੁ ਤੁਮ ਹੀ ਜਾਨਹੁ ,ਹਮ ਨਹ ਜਾਣੀ ਹਰਿ ਗਹਣੇ ॥ ਹਮ ਬਾਰਿਕ ਕਉ ਰਿਦ ਉਸਤਤਿ ਧਾਰਹੁ ,ਹਮ ਕਰਹ ਪ੍ਰਭੂ ਸਿਮਰਣੇ ॥੩॥ ਤੁਮ ਜਲ ਨਿਧਿ ਹਰਿ ਮਾਨ ਸਰੋਵਰ, ਜੋ ਸੇਵੈ ਸਭ ਫਲਣੇ ॥ ਜਨੁ ਨਾਨਕੁ ਹਰਿ ਹਰਿ ਹਰਿ ਹਰਿ ਬਾਂਛੈ, ਹਰਿ ਦੇਵਹੁ ਕਰਿ ਕ੍ਰਿਪਣੇ ॥੪॥੬॥ ਹੇ ਮੇਰੇ ਮਨ! ਕਲਜੁਗ ਵਿਚ ਹਰੀ ਦੀ ਕੀਰਤੀ ਹੀ ਪ੍ਰਵਾਨ ਹੈ (ਹੋਰ ਕੋਈ ਕਰਮ ਪ੍ਰਵਾਨ ਨਹੀਂ ਹੁੰਦਾ।ਜਿਸ ਮਨੁੱਖ ਉਤੇ) ਹਰੀ ਦਿਆਲੂ ਪ੍ਰਭੂ ਨੇ ਦਇਆ ਕੀਤੀ ਹੈ, (ਉਹ) ਸਤਿਗੁਰੂ ਦੇ ਚਰਨੀਂ ਲਗ (ਜੁੜ) ਕੇ ਹਰੀ ਦਾ ਨਾਮ ਜਪਦਾ ਹੈ।੧।ਰਹਾਉ।ਹੇ ਹਰੀ! ਤੂੰ ਮਨ ਬਾਣੀ ਦੀ ਪਹੁੰਚ ਤੋਂ ਪਰੇ, ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਵੱਡਾ ਮਾਲਕ ਹੈਂ, ਹੇ ਸੁੰਦਰ ਹਰੀ! ਸਾਰੇ ਜੀਵ ਤੈਨੂੰ ਸਿਮਰਦੇ ਹਨ।ਹੇ ਹਰੀ! ਜਿਨ੍ਹਾਂ ਪੁਰਖਾਂ ਉਤੇ ਤੇਰੀ ਵਡੀ ਕ੍ਰਿਪਾ ਦ੍ਰਿਸਟੀ ਹੈ, ਉਹ ਗੁਰੂ ਦੁਆਰਾ ਤੇਰਾ ਨਾਮ ਸਿਮਰਦੇ ਹਨ।੧।(ਹੇ ਭਾਈ!) ਇਹ ਜਗਤ ਮਾਲਕ ਪ੍ਰਭੂ ਨੇ ਆਪ ਪੈਦਾ ਕੀਤਾ ਹੈ, ਜੋ ਸਾਰੇ ਜਗਤ ਦਾ ਜੀਵਨ ਹੈ ਅਤੇ ਸਾਰੇ ਜਗਤ ਨਾਲ ਜੁੜਿਆ ਹੋਇਆ ਹੈ (ਜਗਤ ਤੋਂ ਵੱਖ ਨਹੀਂ)।ਜਿਵੇਂ ਪਾਣੀ ਵਿਚੋਂ ਪਾਣੀ ਦੀਆਂ ਬਹੁਤ ਲਹਿਰਾਂ ਉਠਦੀਆਂ ਹਨ, ਪਾਣੀ ਵਿਚ ਮਿਲ ਕੇ ਪਾਣੀ ਵਿਚ ਸਮਾ ਜਾਂਦੀਆਂ ਹਨ (ਇਸੇ ਤਰ੍ਹਾਂ ਦੀ ਜਗਤ ਰਚਨਾ ਹੈ)।੨।ਹੇ ਪ੍ਰਭੂ! ਜੋ ਇਹ ਪਰਪੰਚ ਪੈਦਾ ਕੀਤਾ ਹੈ, ਉਸ ਨੂੰ ਤੁਸੀਂ ਆਪ ਹੀ ਜਾਣਦੇ ਹੋ, ਹੇ ਹਰੀ! ਅਸੀਂ ਜੀਵ ਤੇਰੀ ਗਹਿਰਾਈ ਨੂੰ ਨਹੀਂ ਜਾਣ ਸਕਦੇ।ਅਸੀਂ ਤੇਰੇ ਬੱਚੇ ਹਾਂ, ਸਾਡੇ ਹਿਰਦਿਆਂ ਵਿਚ ਅਪਣੀ ਉਸਤਤੀ ਟਿਕਾ ਦਿਓ, (ਤਾਂ ਕਿ) ਹੇ ਪ੍ਰਭੂ! ਅਸੀਂ ਆਪ ਜੀ ਦਾ ਸਿਮਰਣ ਕਰਦੇ ਰਹੀਏ।੩।ਹੇ ਹਰੀ! ਤੁਸੀਂ ਜਲ ਦਾ ਭੰਡਾਰ (ਸਮੁੰਦਰ) ਹੋ, (ਅਮੋਲਕ ਮੋਤੀਆਂ ਦੇ) ਮਾਨ ਸਰੋਵਰ ਹੋ, ਜੋ ਮਨੁੱਖ ਆਪ ਜੀ ਦੀ ਸੇਵਾ ਕਰਦਾ ਹੈ, (ਉਸ ਨੂੰ ਸਾਰੇ) ਫਲ ਮਿਲਦੇ ਹਨ।ਹੇ ਹਰੀ! ਦਾਸ ਨਾਨਕ ਤੇਰੇ ਪਾਸੋਂ ਹਰਿ

ਹਰਿ ਨਾਮ ਦੀ ਦਾਤ ਮੰਗਦਾ ਹੈ, ਹੇ ਹਰੀ! ਕ੍ਰਿਪਾ ਕਰਕੇ (ਨਾਮ ਦੀ ਦਾਤ) ਬਖਸ਼ ਦੇਵੋ।੪।੬।

ਪਦਾਰਥ = ਮਨ–ਹੇ ਮਨ!।ਕਲਿ–ਕਲਜੁਗ ਵਿਚ।ਕੀਰਤਿ–ਕੀਰਤਨ (ਸਿਫਤ ਸਲਾਹ)।ਪ੍ਰਵਣੇ–ਪ੍ਰਵਾਨ।ਦਇਆਲਿ ਪ੍ਰਭ–ਦਿਆਲ ਪ੍ਰਭੂ ਨੇ।ਧਾਰੀ–ਕੀਤੀ ਹੈ।ਜਪਣੇ–ਜਪਦਾ ਹੈ।੧।ਰਹਾਉ।ਵਡ–ਵੱਡਾ।ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ।ਅਗੋਚਰ–ਇੰਦ੍ਰੀਆਂ ਦੀ ਪਹੁੰਚ ਤੋਂ ਪਰੇ।ਰੁੜਣੇ–ਸੁੰਦਰ।ਜਿਨ ਕਉ–ਜਿਨ੍ਹਾਂ ਉਤੇ।ਕਟਾਖ–ਮੇਹਰ ਦੀ ਨਜਰ।ਤੇ–ਉਹ।ਗੁਰਮੁਖਿ–ਗੁਰੂ ਦੁਆਰਾ।੧।ਪਰਪੰਚੁ–ਪੰਜ ਤੱਤਾਂ ਦਾ ਪਸਾਰਾ (ਸ੍ਰਿਸਟੀ)।ਕੀਆ–ਪੈਦਾ ਕੀਤਾ।ਸੁਆਮੀ–ਮਾਲਕ।ਜਗਜੀਵਨੁ–ਜਗਤ ਦਾ ਜੀਵਨ।ਜੁਗਣੇ–ਜੁੜਿਆ ਹੋਇਆ ਹੈ।ਸਲਲੈ–ਪਾਣੀ ਵਿਚ।ਸਲਲ ਲਹਰੀ–ਪਾਣੀ ਦੀਆਂ ਲਹਿਰਾਂ।ਬਹੁ–ਬਹੁਤ।ਉਠਹਿ–ਉਠਦੀਆਂ ਹਨ।ਮਿਲਿ–ਮਿਲ ਕੇ।ਸਲਲ ਸਮਣੇ–ਪਾਣੀ ਵਿਚ ਸਮਾ ਜਾਂਦੀਆਂ ਹਨ।੨।ਸੁ–ਉਸ ਨੂੰ।ਗਹਣੇ–ਗਹਰਾਈ (ਡੂੰਘਾਈ)।ਬਾਰਿਕ–ਬੱਚੇ।ਰਿਦ–ਹਿਰਦੇ ਵਿਚ।ਧਾਰਹੁ–ਟਿਕਾ ਦਿਓ।ਕਰਹ–ਕਰਦੇ ਰਹੀਏ।ਸਿਮਰਣੇ–ਸਿਮਰਨ।੩।ਜਲਨਿਧਿ–ਸਮੁੰਦਰ।ਮਾਨ ਸਰੋਵਰ–ਤਿੱਬਤ ਵਿਚ ਇਕ ਝੀਲ, ਜਿਥੇ ਹੰਸ ਵਸਦੇ ਦਸੀਦੇ ਹਨ, ਇਸ ਵਿਚੋਂ ਮੋਤੀ ਨਿਕਲਦੇ ਮੰਨੇ ਜਾਂਦੇ ਹਨ।ਫਲਣੇ–ਸਾਰੇ ਫਲ।ਜਨੁ–ਦਾਸ।ਬਾਂਛੈ–ਮੰਗਦਾ ਹੈ।ਕਰਿ ਕ੍ਰਿਪਣੇ–ਕ੍ਰਿਪਾ ਕਰਕੇ।੪।੬।

ਨਟ ਨਾਰਾਇਨ ਮਹਲਾ ੪ ਪੜਤਾਲ ੧ੴ ਸਤਿਗੁਰ ਪ੍ਰਸਾਦਿ ॥ ਮੇਰੇ ਮਨ, ਸੇਵ ਸਫਲ ਹਰਿ ਘਾਲ ॥ ਲੇ ਗੁਰ ਪਗ ਰੇਨ ਰਵਾਲ ॥ ਸਭਿ ਦਾਲਿਦ ਭੰਜਿ ਦੁਖ ਦਾਲ ॥ ਹਰਿ ਹੋ ਹੋ ਹੋ ਨਦਰਿ ਨਿਹਾਲ ॥੧॥ਰਹਾਉ॥ ਹਰਿ ਕਾ ਗ੍ਰਿਹੁ ਹਰਿ ਆਪਿ ਸਵਾਰਿਓ ,ਹਰਿ ਰੰਗ ਰੰਗ ਮਹਲ ਬੇਅੰਤ ਲਾਲ ਲਾਲ ਹਰਿ ਲਾਲ ॥ ਹਰਿ ਆਪਨੀ ਕ੍ਰਿਪਾ ਕਰੀ ਆਪਿ ਗ੍ਰਿਹ ਆਇਓ, ਹਮ ਹਰਿ ਕੀ ਗੁਰ ਕੀਈ ਹੈ ਬਸੀਠੀ, ਹਮ ਹਰਿ ਦੇਖੇ ਭਈ ਨਿਹਾਲ ਨਿਹਾਲ ਨਿਹਾਲ ਨਿਹਾਲ ॥੧॥ ਹਰਿ ਆਵਤੇ ਕੀ ਖਬਰਿ ਗੁਰਿ ਪਾਈ, ਮਨਿ ਤਨਿ ਆਨਦੋ ਆਨੰਦ ਭਏ, ਹਰਿ ਆਵਤੇ ਸੁਨੇ ਮੇਰੇ ਲਾਲ ਹਰਿ ਲਾਲ ॥ ਜਨੁ ਨਾਨਕੁ ਹਰਿ ਹਰਿ ਮਿਲੇ, ਭਏ ਗਲਤਾਨ ਹਾਲ ਨਿਹਾਲ ਨਿਹਾਲ ॥੨॥੧॥੭॥ ਹੇ ਮੇਰੇ ਮਨ! ਹਰੀ ਦੀ ਸੇਵਾ ਭਗਤੀ ਕਰ, ਇਹ ਘਾਲ ਕਮਾਈ ਫਲ ਦੇਣ ਵਾਲੀ ਹੈ।ਗੁਰੂ ਦੇ ਚਰਨਾਂ ਦੀ ਜੋ ਧੂੜ ਹੈ, (ਉਹ) ਧੂੜ ਮੱਥੇ ਤੇ ਲਾ ਲੈ।(ਇਹ ਧੂੜ) ਸਾਰੇ ਦਲਿਦ੍ਰ ਨਾਸ਼ ਕਰਨ ਵਾਲੀ ਅਤੇ ਦੁੱਖਾਂ ਨੂੰ ਦਲ ਦੇਣ ਵਾਲੀ ਹੈ।(ਇਸ ਤਰ੍ਹਾਂ ਕਰਨ ਨਾਲ) ਹੇ ਮਨ! ਹਰੀ ਦੀ ਕ੍ਰਿਪਾ ਦ੍ਰਿਸ਼ਟੀ ਹੋਵੇਗੀ, (ਜਿਸ ਨਾਲ ਤੂੰ) ਨਿਹਾਲ ਹੋ ਜਾਵੇਂਗਾ।੧।ਰਹਾਉ।(ਇਹ ਮਨੁੱਖਾ ਸਰੀਰ) ਹਰੀ ਦਾ ਘਰ ਹੈ, (ਇਸ ਨੂੰ) ਹਰੀ ਨੇ ਆਪ ਸਿੰਗਾਰਿਆ ਹੈ, (ਸਰੀਰ) ਹਰੀ ਦਾ ਪਿਆਰਾ ਅਨੰਦ ਭਵਨ ਹੈ, (ਜਿਸ ਵਿਚ) ਬੇਅੰਤ ਲਾਲ ਲੱਗੇ ਹੋਏ ਹਨ, (ਇਹ) ਸੰਸਾਰੀ ਲਾਲਾਂ ਨਾਲੋਂ ਅਮੋਲਕ ਲਾਲ, ਇਲਾਹੀ ਗੁਣਾਂ ਦੇ ਲਾਲ ਹਨ।ਹਰੀ ਨੇ ਅਪਣੀ ਕ੍ਰਿਪਾ ਕੀਤੀ, (ਉਹ) ਆਪ ਸਰੀਰ ਰੂਪ ਘਰ ਵਿਚ ਆਇਆ, ਗੁਰੂ ਨੇ ਸਾਡੇ ਲਈ ਹਰੀ ਪਾਸ ਵਕਾਲਤ ਕੀਤੀ ਅਤੇ ਮੈਂ ਹਰੀ ਨੂੰ ਦੇਖ ਕੇ ਮਨ ਕਰਕੇ ਨਿਹਾਲ, ਤਨ ਕਰਕੇ ਅਤੇ ਬਾਣੀ ਕਰਕੇ ਵੀ ਨਿਹਾਲ ਹੋਈ ਹਾਂ।੧।(ਜਦੋਂ ਮੈਂ) ਗੁਰੂ ਰਾਹੀਂ ਹਰੀ ਦੇ ਆਉਣ ਦੀ ਖਬਰ ਪ੍ਰਾਪਤ ਕੀਤੀ ਤੇ ਮੇਰੇ ਪਿਆਰੇ ਹਰੀ ਲਾਲ ਜੀ ਆਉਂਦੇ ਸੁਣੇ, ਤਦੋਂ ਮੇਰੇ ਮਨ ਵਿਚ ਤੇ ਸਰੀਰ ਵਿਚ ਅਨੰਦ ਹੀ ਅਨੰਦ ਹੋ ਗਿਆ।ਦਾਸ ਨਾਨਕ ਨੂੰ ਜਦੋਂ ਹਰੀ ਪ੍ਰਭੂ ਜੀ ਮਿਲੇ, (ਤਦੋਂ ਅਸੀਂ) ਮਸਤ ਹਾਲਤ ਵਾਲੇ ਨਿਹਾਲ ਨਿਹਾਲ ਹੋ ਗਏ।੨।੧।੭।

ਪਦਾਰਥ = ਪੜਤਾਲ–ਜਿਸ ਦੇ ਗਾਉਣ ਵੇਲੇ ਤੁਕ ਤੁਕ ਤੇ ਤਾਲ ਪਰਤਦਾ ਹੋਵੇ।ਮਨ–ਹੇ ਮਨ!।ਸੇਵ–ਸੇਵਾ ਭਗਤੀ ਕਰ।ਸਫਲ–ਫਲ ਦੇਣ ਵਾਲੀ।ਘਾਲ–ਮਿਹਨਤ।ਲੇ–ਲਾ ਲੈ।ਪਗ–ਚਰਨਾਂ ਦੀ।ਦਾਲਿਦ–ਗਰੀਬੀ।ਭੰਜਿ–ਨਾਸ਼ ਕਰਨ ਵਾਲੀ।ਦਾਲ–ਦਲ ਦੇਣ ਵਾਲੀ।ਹੋ ਹੋ–ਹੇ ਭਾਈ!; ਹੇ ਮਨ!।ਨਦਰਿ–ਮੇਹਰ ਦੀ ਨਜਰ ਨਾਲ।ਹੋ ਨਿਹਾਲ–ਨਿਹਾਲ ਹੋ ਜਾਵੇਂਗਾ।੧।ਰਹਾਉ।ਗ੍ਰਿਹੁ–ਸਰੀਰ ਰੂਪ ਘਰ।ਸਵਾਰਿਓ–ਸ਼ਿੰਗਾਰਿਆ; ਸਜਾਇਆ।ਰੰਗ ਮਹਲ–ਅਨੰਦ ਭਵਨ (ਅਨੰਦ ਮਾਨਣ ਵਾਲਾ ਘਰ)।ਲਾਲ–ਅਮੋਲਕ ਰਤਨ; ਪਿਆਰਾ।ਕਰੀ–ਕੀਤੀ।ਗ੍ਰਿਹਿ–ਸਰੀਰ ਘਰ ਵਿਚ।ਕੀਈ ਹੈ–ਕੀਤੀ ਹੈ।ਬਸੀਠੀ–ਵਕਾਲਤ; ਵਿਚੋਲਗਿਰੀ।ਹਮ–ਅਸੀਂ।ਭਈ–ਹੋਈ ਹਾਂ।ਨਿਹਾਲ–ਅਨੰਦ ਪ੍ਰਸੰਨ; ਦੁਖ ਰਹਿਤ ਅਵਸਥਾ।੧।ਗੁਰਿ ਪਾਈ–ਗੁਰੂ ਰਾਹੀਂ ਪ੍ਰਾਪਤ ਕੀਤੀ।ਮਨਿ–ਮਨ ਵਿਚ।ਤਨਿ–ਸਰੀਰ ਵਿਚ।ਆਨਦੋ ਅਨੰਦ–ਅਨੰਦ ਹੀ ਅਨੰਦ।ਭਏ–ਹੋਇਆ।ਜਨੁ–ਦਾਸ।ਗਲਤਾਨ ਹਾਲ–ਮਸਤ ਹਾਲਤ।੨।੧।੭।

ਨਟ ਮਹਲਾ ੪ ॥ ਮਨ ਮਿਲੁ ਸੰਤਸੰਗਤਿ ਸੁਭਵੰਤੀ ॥ ਸੁਨਿ ਅਕਥ ਕਥਾ ਸੁਖਵੰਤੀ ॥ ਸਭ ਕਿਲਵਿਖ ਪਾਪ ਲਹੰਤੀ ॥ ਹਰਿ ਹੋ ਹੋ ਹੋ ਲਿਖਤੁ ਲਿਖੰਤੀ ॥੧॥ਰਹਾਉ॥ ਹਰਿ ਕੀਰਤਿ ਕਲਜੁਗ ਵਿਚਿ ਊਤਮ, ਮਤਿ ਗੁਰਮਤਿ ਕਥਾ ਭਜੰਤੀ ॥ ਜਿਨਿ ਜਨਿ ਸੁਣੀ ਮਨੀ ਹੈ ਜਿਨਿ ਜਨਿ, ਤਿਸੁ ਜਨ ਕੈ ਹਉ ਕੁਰਬਾਨੰਤੀ ॥੧॥ ਹਰਿ ਅਕਥ ਕਥਾ ਕਾ ਜਿਨਿ ਰਸੁ ਚਾਖਿਆ, ਤਿਸੁ ਜਨ ਸਭ ਭੂਖ ਲਹੰਤੀ ॥ ਨਾਨਕ ਜਨ ਹਰਿ ਕਥਾ ਸੁਣਿ ਤ੍ਰਿਪਤੇ, ਜਪਿ ਹਰਿ ਹਰਿ ਹਰਿ ਹੋਵੰਤੀ ॥੨॥੨॥੮॥ ਹੇ ਮੇਰੇ ਮਨ! ਸੰਤਾਂ ਦੀ ਸੰਗਤ ਵਿਚ ਮਿਲ, ਜੋ ਸ੍ਰੇਸਟ ਗੁਣ ਦੇਣ ਵਾਲੀ ਹੈ।(ਸੰਤਾਂ ਦੀ ਸੰਗਤ ਵਿਚੋਂ) ਅਕੱਥ ਪ੍ਰਭੂ ਦੀ ਕਥਾ ਸੁਣ, ਜੋ ਸੁਖ ਦੇਣ ਵਾਲੀ ਹੈ।(ਇਹ ਕਥਾ) ਸਾਰੇ

ਵੱਡੇ ਪਾਪ ਤੇ ਛੋਟੇ ਪਾਪ ਲਾਹ ਦੇਂਦੀ ਹੈ। ਹੇ ਭਾਈ! (ਇਹ ਕਥਾ ਉਹ ਮਨੁੱਖ ਸੁਣਦਾ ਹੈ, ਜਿਸ ਦੇ ਭਾਗਾਂ ਵਿਚ ਧੁਰੋਂ ਹੀ) ਲਿਖਤ ਲਿਖੀ ਹੋਈ ਹੋਵੇ।੧।ਰਹਾਉ।(ਹੇ ਮਨ!) ਕਲਜੁਗ ਵਿਚ ਹਰੀ ਦਾ ਕੀਰਤਨ ਕਰਨਾ ਉਤਮ ਕਰਮ ਹੈ, (ਜਿਸ ਮਨੁੱਖ ਨੇ) ਗੁਰੂ ਦੀ ਸਿੱਖਿਆ ਲਈ ਹੈ, (ਉਸ ਦੀ) ਮੱਤ ਇਹ ਕਥਾ ਉਚਾਰਦੀ ਹੈ। ਜਿਸ ਮਨੁੱਖ ਨੇ (ਇਹ ਕਥਾ) ਸੁਣੀ ਹੈ ਅਤੇ ਜਿਸ ਮਨੁੱਖ ਨੇ (ਇਹ ਕਥਾ) ਮੰਨ ਲਈ ਹੈ, ਮੈਂ ਉਸ ਮਨੁੱਖ ਦੇ ਕੁਰਬਾਨ ਜਾਂਦਾ ਹਾਂ।੧।(ਹੇ ਭਾਈ!) ਜਿਸ ਨੇ ਅਕੱਥ ਹਰੀ ਦੀ ਕਥਾ ਦਾ ਰਸ ਚੱਖਿਆ ਹੈ, ਉਸ ਮਨੁੱਖ ਦੀਆਂ ਸਾਰੀਆਂ ਭੁੱਖਾਂ ਉਤਰ ਗਈਆਂ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਦੇ ਸੇਵਕ ਹਰੀ ਦੀ ਕਥਾ ਸੁਣ ਕੇ (ਪਦਾਰਥਾਂ ਵੱਲੋਂ) ਰੱਜ ਗਏ ਹਨ ਅਤੇ ਉਹ ਹਰੀ ਦਾ ਨਾਮ ਜਪ ਕੇ ਹਰੀ ਦਾ ਰੂਪ ਹੋ ਗਏ ਹਨ।੨।੨।੮।

ਪਦਾਰਥ = ਮਨ–ਹੇ ਮਨ!।ਸੁਭਵੰਤੀ–ਗੁਣ ਦੇਣ ਵਾਲੀ; ਅਨੰਦ ਦੇਣ ਵਾਲੀ।ਅਕਥ–(ਅਕੱਥ ਪੜ੍ਹੋ) ਜਿਸ ਦੇ ਗੁਣ ਬਿਆਨ ਨਾ ਕੀਤੇ ਜਾ ਸਕਣ।ਕਥਾ–ਹਰੀ ਦਾ ਜਸ।ਸੁਖਵੰਤੀ–ਸੁਖ ਦੇਣ ਵਾਲੀ।ਸਭ ਕਿਲਬਿਖ–ਸਾਰੇ ਪਾਪ।ਲਹੰਤੀ–ਦੂਰ ਕਰਨ ਵਾਲੀ।ਹੋ ਹੋ –ਹੇ ਮਨ!।ਲਿਖਤੁ–ਲੇਖ।ਲਿਖੰਤੀ–ਲਿਖੀ ਹੋਵੇ।੧।ਰਹਾਉ।ਕੀਰਤਿ–ਸਿਫਤ ਸਲਾਹ।ਮਤਿ–ਅਕਲ।ਗੁਰਮਤਿ–ਗੁਰੂ ਦੀ ਸਿੱਖਿਆ ।ਭਜੰਤੀ–ਉਚਾਰਦੀ ਹੈ।ਜਿਨਿ ਜਨਿ–ਜਿਸ ਮਨੁੱਖ ਨੇ।ਮਨੀ–ਮੰਨ ਲਈ ਹੈ।ਹਉ–ਮੈਂ।ਕੁਰਬਾਨੰਤੀ–ਕੁਰਬਾਨ ਜਾਂਦਾ ਹਾਂ।੧।ਰਸੁ–ਸੁਆਦ।ਚਾਖਿਆ–ਚੱਖਿਆ ਹੈ।ਤ੍ਰਿਪਤੇ–ਰੱਜ ਗਏ ਹਨ।ਜਪਿ–ਜਪ ਕੇ।ਹਰਿ ਹੋਵੰਤੀ–ਹਰੀ ਦਾ ਰੂਪ ਹੋ ਗਏ ਹਨ।੨।੨।੮।

ਨਟ ਮਹਲਾ ੪ ॥ ਕੋਈ ਆਨਿ ਸੁਨਾਵੈ, ਹਰਿ ਕੀ ਹਰਿ ਗਾਲ ॥ ਤਿਸ ਕਉ ਹਉ ਬਲਿ ਬਲਿ ਬਾਲ ॥ ਸੋ ਹਰਿ ਜਨੁ ਹੈ ਭਲ ਭਾਲ ॥ (ਹੇ ਭਾਈ!) ਕੋਈ ਮਨੁੱਖ ਆ ਕੇ ਮੈਨੂੰ ਹਰੀ ਦੀ (ਸਿਫਤ ਸਲਾਹ ਵਾਲੀ) ਗੱਲ ਬਾਤ ਸੁਣਾਵੇ ॥ ਮੈਂ ਉਸ ਮਨੁੱਖ ਤੋਂ ਰੋਮ ਰੋਮ, ਮਨ ਅਤੇ ਸਰੀਰ ਕਰਕੇ ਬਲਿਹਾਰ ਜਾਵਾਂਗਾ। ਉਹ ਹਰੀ ਦਾ ਸੇਵਕ ਭਲੇ ਪੁਰਖਾਂ ਤੋਂ ਵੀ ਭਲਾ ਹੋਵੇਗਾ।

ਅੰਗ ੯੭੮ = ਹਰਿ ਹੋ ਹੋ ਹੋ ਮੇਲਿ ਨਿਹਾਲ ॥੧॥ਰਹਾਉ॥ ਹਰਿ ਕਾ ਮਾਰਗੁ ਗੁਰ ਸੰਤਿ ਬਤਾਇਓ, ਗੁਰਿ ਚਾਲ ਦਿਖਾਈ ਹਰਿ ਚਾਲ ॥ ਅੰਤਰਿ ਕਪਟੁ ਚੁਕਾਵਹੁ ਮੇਰੇ ਗੁਰ ਸਿਖਹੁ ,ਨਿਹਕਪਟ ਕਮਾਵਹੁ ਹਰਿ ਕੀ ਹਰਿ ਘਾਲ ਨਿਹਾਲ ਨਿਹਾਲ ਨਿਹਾਲ ॥੧॥ ਤੇ ਗੁਰ ਕੇ ਸਿਖ ਮੇਰੇ ਹਰਿ ਪ੍ਰਭਿ ਭਾਏ, ਜਿਨਾ ਹਰਿ ਪ੍ਰਭੁ ਜਾਨਿਓ ਮੇਰਾ ਨਾਲਿ ॥ ਜਨ ਨਾਨਕ ਕਉ ਮਤਿ ਹਰਿ ਪ੍ਰਭਿ ਦੀਨੀ, ਹਰਿ ਦੇਖਿ ਨਿਕਟਿ ਹਦੂਰਿ ਨਿਹਾਲ ਨਿਹਾਲ ਨਿਹਾਲ ਨਿਹਾਲ ॥੨॥੩॥੯॥ ਹੇ ਭਾਈ! (ਜਦੋਂ ਅਜੇਹੇ ਪੁਰਖਾਂ ਦੀ ਸੰਗਤ ਵਿਚ) ਹਰੀ ਮਿਲਾ ਦੇਂਦਾ ਹੈ, ਤਾਂ ਨਿਹਾਲ ਹੋ ਜਾਈਦਾ ਹੈ।੧।ਰਹਾਉ।ਗੁਰੂ ਸੰਤ ਨੇ ਹਰੀ ਦਾ ਮਾਰਗ ਦਸਿਆ, ਗੁਰੂ ਨੇ ਹਰੀ ਦੇ ਰਸਤੇ ਤੇ ਚਲਣ ਦੀ ਚਾਲ ਦਿਖਾਈ ਹੈ।(ਅਤੇ ਗੁਰੂ ਨੇ ਸਿੱਖਿਆ ਦਿਤੀ ਹੈ ਕਿ) ਹੇ ਮੇਰੇ ਗੁਰ ਸਿਖੋ! ਤੁਸੀ ਅਪਣੇ ਮਨਾਂ ਦੇ ਅੰਦਰੋਂ ਕਪਟ ਦੂਰ ਕਰ ਦਿਓ ਅਤੇ ਕਪਟ ਰਹਿਤ ਹੋ ਕੇ ਹਰੀ ਦੇ ਨਾਮ ਸਿਮਰਨ ਦੀ ਕਮਾਈ ਕਰੋ, (ਇਸ ਨਾਲ ਤੁਸੀਂ ਮਨ, ਸਰੀਰ ਤੇ ਬਾਣੀ ਕਰਕੇ) ਨਿਹਾਲ ਹੋ ਜਾਓਗੇ।੧।ਗੁਰੂ ਦੇ ਉਹ ਸਿਖ ਮੇਰੇ ਹਰੀ ਪ੍ਰਭੂ ਨੂੰ ਚੰਗੇ ਲਗਦੇ ਹਨ, ਜਿਨ੍ਹਾਂ ਨੇ ਹਰੀ ਪ੍ਰਭੂ ਨੂੰ ਅਪਣੇ ਨਾਲ ਵਸਦਾ ਜਾਣਿਆ ਹੈ।(ਇਸ ਤਰ੍ਹਾਂ ਦੀ) ਸਿੱਖਿਆ ਹਰੀ ਪ੍ਰਭੂ ਨੇ ਦਾਸ ਨਾਨਕ ਨੂੰ ਦਿਤੀ ਹੈ, (ਅਸੀਂ ਹੁਣ) ਹਰੀ ਨੂੰ ਨੇੜੇ ਸਾਮ੍ਹਣੇ ਦੇਖ ਕੇ ਮਨ, ਬਾਣੀ ਤੇ ਸਰੀਰ ਕਰਕੇ ਅਨੰਦ ਪ੍ਰਸੰਨ ਰਹਿੰਦੇ ਹਾਂ।੨।੩।੯।

ਪਦਾਰਥ = ਆਨਿ–ਆ ਕੇ; ਲਿਆ ਕੇ।ਗਾਲ–ਗੱਲ ਬਾਤ।ਤਿਸ ਕਉ–ਉਸ ਤੋਂ।ਹਉ–ਮੈਂ।ਬਲਿ–ਬਲਿਹਾਰ; ਕੁਰਬਾਨ।ਬਾਲ–ਬਲਿਹਾਰ; ਰੋਮਾਂ ਕਰਕੇ।ਸੋ–ਉਹ।ਜਨੁ–ਮਨੁੱਖ।ਭਲ ਭਾਲ–ਭਲੇ ਤੋਂ ਭਲਾ; ਚੰਗੇ ਮੱਥੇ (ਭਾਗਾਂ) ਵਾਲਾ।ਹੋ ਹੋ–ਹੇ ਭਾਈ!।ਨਿਹਾਲ–ਅਨੰਦ ਪ੍ਰਸੰਨ; ਦੁੱਖ ਰਹਿਤ ਅਵਸਥਾ।੧।ਰਹਾਉ।ਮਾਰਗੁ–ਰਸਤਾ।ਗੁਰ ਸੰਤਿ–ਗੁਰੂ ਸੰਤ ਨੇ।ਬਤਾਇਓ–ਦਸਿਆ ਹੈ।ਗੁਰਿ–ਗੁਰੂ ਨੇ।ਚਾਲ–ਮਰਿਆਦਾ; ਰੀਤ; ਚੱਲਣ ਦੀ।ਅੰਤਰਿ–ਮਨ ਦੇ ਅੰਦਰੋਂ।ਚੁਕਾਵਹੁ–ਦੂਰ ਕਰ ਦਿਓ।ਨਿਹਕਪਟ–ਵਲ ਛਲ ਤੋਂ ਰਹਿਤ ਹੋ ਕੇ।ਕਮਾਵਹੁ ਘਾਲ–ਮਿਹਨਤ ਕਰੋ।੧।ਤੇ–ਉਹ।ਭਾਏ–ਚੰਗੇ ਲਗਦੇ ਹਨ।ਜਿਨਾ–ਜਿਨ੍ਹਾਂ ਨੇ।ਨਾਲਿ–ਨਾਲ; ਅੰਗ ਸੰਗ।ਪ੍ਰਭਿ–ਪ੍ਰਭੂ ਨੇ।ਮਤਿ–ਸਿੱਖਿਆ।ਦੀਨੀ–ਦਿਤੀ।ਨਿਕਟਿ–ਨੇੜੇ।ਹਦੂਰਿ–ਹਜੂਰੀ ਵਿਚ; ਸਾਮ੍ਹਣੇ।੨।੩।੯।

ਰਾਗੁ ਨਟ ਨਾਰਾਇਨ ਮਹਲਾ ੫ ੴ ਸਤਿਗੁਰ ਪ੍ਰਸਾਦਿ ॥ ਰਾਮ, ਹਉ ਕਿਆ ਜਾਨਾ ਕਿਆ ਭਾਵੈ ॥ ਮਨਿ ਪਿਆਸ ਬਹੁਤੁ ਦਰਸਾਵੈ ॥੧॥ਰਹਾਉ॥ ਸੋਈ ਗਿਆਨੀ ਸੋਈ ਜਨੁ ਤੇਰਾ, ਜਿਸੁ ਊਪਰਿ ਰੁਚ ਆਵੈ ॥ ਕ੍ਰਿਪਾ ਕਰਹੁ ਜਿਸੁ ਪੁਰਖ ਬਿਧਾਤੇ, ਸੋ ਸਦਾ ਸਦਾ ਤੁਧੁ ਧਿਆਵੈ ॥੧॥ ਕਵਨ ਜੋਗ ਕਵਨ ਗਿਆਨ ਧਿਆਨਾ, ਕਵਨ ਗੁਨੀ ਰੀਝਾਵੈ ॥ ਸੋਈ ਜਨੁ ਸੋਈ ਨਿਜ ਭਗਤਾ, ਜਿਸੁ ਊਪਰਿ ਰੰਗੁ ਲਾਵੈ ॥੨॥ ਸਾਈ ਮਤਿ ਸਾਈ ਬੁਧਿ ਸਿਆਨਪ, ਜਿਤੁ ਨਿਮਖ ਨ ਪ੍ਰਭੁ ਬਿਸਰਾਵੈ ॥ ਸੰਤ ਸੰਗਿ ਲਗਿ ਏਹੁ ਸੁਖੁ ਪਾਇਓ, ਹਰਿ ਗੁਨ ਸਦ ਹੀ ਗਾਵੈ ॥੩॥ ਦੇਖਿਓ ਅਚਰਜੁ ਮਹਾ ਮੰਗਲ ਰੂਪ, ਕਿਛੁ ਆਨ ਨਹੀ ਦਿਸਟਾਵੈ ॥ ਕਹੁ ਨਾਨਕ ਮੋਰਚਾ ਗੁਰਿ ਲਾਹਿਓ, ਤਹ ਗਰਭ ਜੋਨਿ ਕਹ ਆਵੈ ॥੪॥੧॥ ਹੇ ਰਾਮ! ਮੈਂ ਕੀ ਜਾਣਦਾ ਹਾਂ ਕਿ ਤੈਨੂੰ ਕੀ ਚੰਗਾ ਲਗਦਾ? (ਕਿ ਕਿਹੜਾ

ਧਾਰਮਕ ਕਰਮ ਕਰਨ ਨਾਲ ਤੇਰੇ ਦਰਸ਼ਨ ਹੁੰਦੇ ਹਨ) ਮੇਰੇ ਮਨ ਵਿਚ ਤੇਰੇ ਦਰਸ਼ਨਾਂ ਦੀ ਬਹੁਤ ਪਿਆਸ ਹੈ।੧।ਰਹਾਉ।(ਹੇ ਪ੍ਰਭੂ!) ਉਹ ਹੀ ਗਿਆਨਵਾਨ ਪੁਰਖ ਹੈ, ਉਹ ਹੀ ਤੇਰਾ ਦਾਸ ਹੈ, ਜਿਸ ਉਤੇ ਤੇਰੀ ਖੁਸ਼ੀ ਹੋ ਆਉਂਦੀ ਹੈ। ਹੇ ਕਰਮਾਂ ਅਨੁਸਾਰ ਫਲ ਦੇਣ ਵਾਲੇ ਅਕਾਲ ਪੁਰਖ! ਜਿਸ ਮਨੁੱਖ ਉਤੇ ਤੁਸੀਂ ਅਪਣੀ ਕ੍ਰਿਪਾ ਕਰਦੇ ਹੋ, ਉਹ ਸਦਾ ਸਦਾ ਤੈਨੂੰ ਧਿਆਉਂਦਾ ਹੈ।੧। ਹੇ ਭਾਈ! ਕਿਹੜਾ ਜੋਗ ਦਾ ਸਾਧਨ ਹੈ, ਕਿਹੜਾ ਗਿਆਨ ਤੇ ਕਿਹੜਾ ਧਿਆਨ ਹੈ ਅਤੇ ਕਿਹੜੇ ਗੁਣਾਂ ਨਾਲ ਮਨੁੱਖ ਪ੍ਰਭੂ ਨੂੰ ਪ੍ਰਸੰਨ ਕਰ ਸਕਦਾ ਹੈ? (ਇਹ ਸਾਰੇ ਸਾਧਨ ਸਫਲ ਨਹੀਂ ਹੁੰਦੇ। ਅਸਲ ਵਿਚ) ਉਹ ਹੀ ਮਨੁੱਖ ਪ੍ਰਭੂ ਦਾ ਸੇਵਕ ਹੈ, ਉਹ ਹੀ ਪ੍ਰਭੂ ਦਾ ਅਪਣਾ ਭਗਤ ਹੈ, ਜਿਸ ਉਤੇ (ਪ੍ਰਭੂ ਅਪਣੇ) ਪਿਆਰ ਦਾ ਰੰਗ ਲਗਾ (ਚਾੜ੍ਹ) ਦੇਂਦਾ ਹੈ।੨।(ਹੇ ਭਾਈ!) ਉਹ ਹੀ ਮੱਤ, ਉਹ ਹੀ ਬੁੱਧੀ ਤੇ ਸਿਆਣਪ ਚੰਗੀ ਹੈ, ਜਿਸ ਰਾਹੀਂ (ਮਨੁੱਖ) ਇਕ ਪਲ ਵੀ ਪ੍ਰਭੂ ਨੂੰ ਨਹੀਂ ਭੁਲਾਉਂਦਾ। ਸੰਤ ਗੁਰੂ (ਰਾਮਦਾਸ ਜੀ) ਦੀ ਸੰਗਤ ਵਿਚ ਲਗ ਕੇ ਮੈਂ ਇਹ ਸੁਖ ਪਾਇਆ ਹੈ, ਜੋ ਮੈਂ ਸਦਾ ਹੀ ਹਰੀ ਦੇ ਗੁਣ ਗਾਉਂਦਾ ਹਾਂ।੩।(ਜਿਸ ਗੁਰਮੁਖ ਨੇ) ਮਹਾਂ ਅਨੰਦ ਸਰੂਪ ਅਸਚਰਜ ਪ੍ਰਭੂ ਨੂੰ ਦੇਖਿਆ ਹੈ, (ਉਸ ਨੂੰ ਪ੍ਰਭੂ ਤੋਂ ਬਿਨਾ) ਹੋਰ ਕੋਈ ਦਿਖਾਈ ਨਹੀਂ ਦੇਂਦਾ (ਉਹ ਹਰੇਕ ਜੀਵ ਵਿਚ ਪ੍ਰਭੂ ਦੇ ਦਰਸ਼ਨ ਕਰਦਾ ਹੈ)। ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਮਨੁੱਖ ਦੇ ਮਨ ਵਿਚੋਂ) ਗੁਰੂ ਨੇ ਵਿਸ਼ੇ ਵਿਕਾਰਾਂ ਦਾ ਜੰਗਾਲ ਉਤਾਰ ਦਿਤਾ ਹੈ, ਤਾਂ ਉਹ ਗਰਭ ਜੋਨ ਵਿਚ ਕਿਵੇਂ ਆ ਸਕਦਾ ਹੈ? (ਜਨਮ ਮਰਨ ਤੋਂ ਮੁਕਤ ਹੋ ਜਾਂਦਾ ਹੈ)।੪।੧।

ਪਦਾਰਥ = ਰਾਮ–ਹੇ ਪ੍ਰਭੂ!। ਹਉ–ਮੈਂ। ਜਾਨਾ–ਜਾਣਦਾ ਹਾਂ। ਕਿਆ ਭਾਵੈ–(ਤੈਨੂੰ) ਕੀ ਚੰਗਾ ਲਗਦਾ ਹੈ? ਮਨਿ–ਮਨ ਵਿਚ। ਦਰਸਾਵੈ –(ਤੇਰੇ) ਦਰਸ਼ਨ ਦੀ।੧।ਰਹਾਉ। ਸੋਈ–ਉਹ ਹੀ। ਗਿਆਨੀ–ਗਿਆਨਵਾਨ ਪੁਰਖ। ਜਨੁ–ਸੇਵਕ। ਰੁਚ–ਖੁਸ਼ੀ। ਕਰਹੁ–ਤੁਸੀਂ ਕਰਦੇ ਹੋ। ਪੁਰਖ–ਅਕਾਲ ਪੁਰਖ। ਬਿਧਾਤੇ–ਹੇ ਫਲ ਪਰ ਦਾਤੇ!। ਤੁਧੁ–ਤੈਨੂੰ।੧। ਕਵਨ–ਕਿਹੜਾ। ਜੋਗ–ਜੋਗ ਦੀ ਸਾਧਨਾ। ਗੁਨੀ–ਗੁਣਾਂ ਨਾਲ। ਰੀਝਾਵੈ–ਪ੍ਰਸੰਨ ਕਰ ਸਕਦਾ ਹੈ। ਨਿਜ ਭਗਤਾ–ਅਪਣਾ ਭਗਤ। ਰੰਗੁ–ਪਿਆਰ ਦਾ ਰੰਗ। ਲਾਵੈ–ਲਾਉਂਦਾ ਹੈ; ਚਾੜ੍ਹਦਾ ਹੈ।੨। ਸਾਈ–ਉਹ ਹੀ। ਮਤਿ–ਅਕਲ। ਜਿਤੁ–ਜਿਸ ਰਾਹੀਂ। ਨਿਮਖ–ਅੱਖ ਝਮਕਣ ਜਿਤਨਾ ਸਮਾਂ। ਨ ਬਿਸਰਾਵੈ–ਭੁਲਾਉਂਦਾ ਨਹੀਂ। ਸੰਤ ਸੰਗਿ–ਸੰਤ ਗੁਰੂ ਦੀ ਸੰਗਤ ਵਿਚ। ਸਦ–ਸਦਾ।੩। ਮਹਾ ਮੰਗਲ ਰੂਪ–ਮਹਾਂ ਅਨੰਦ ਸਰੂਪ। ਆਨ–ਹੋਰ। ਦਿਸਟਾਵੈ–ਦੇਖਦਾ ਹੈ। ਮੋਰਚਾ –ਜੰਗਾਲ। ਗੁਰਿ–ਗੁਰੂ ਨੇ। ਲਾਹਿਓ–ਲਾਹ ਦਿਤਾ। ਤਹ–ਉਹ। ਕਹ–ਕਿਵੇਂ; ਕਿੱਥੇ। ਗਰਭ ਜੋਨਿ–ਗਰਭ ਜੋਨੀ ਵਿਚ।੪।੧।

ਨਟ ਨਾਰਾਇਨ ਮਹਲਾ ੫ ਦੁਪਦੇ ੧ੴ ਸਤਿਗੁਰ ਪ੍ਰਸਾਦਿ ॥ ਉਲਾਹਨੋ ,ਮੈ ਕਾਹੂ ਨ ਦੀਓ ॥ ਮਨ ਮੀਠ ਤੁਹਾਰੋ ਕੀਓ ॥੧॥ਰਹਾਉ॥ ਆਗਿਆ ਮਾਨਿ ਜਾਨਿ ਸੁਖੁ ਪਾਇਆ, ਸੁਨਿ ਸੁਨਿ ਨਾਮੁ ਤੁਹਾਰੋ ਜੀਓ ॥ ਈਹਾਂ ਊਹਾ ਹਰਿ ਤੁਮ ਹੀ ਤੁਮ ਹੀ, ਇਹੁ ਗੁਰ ਤੇ ਮੰਤ੍ਰੁ ਦ੍ਰਿੜੀਓ ॥੧॥ ਜਬ ਤੇ ਜਾਨਿ ਪਾਈ ਇਹ ਬਾਤਾ, ਤਬ ਕੁਸਲ ਖੇਮ ਸਭ ਥੀਓ ॥ ਸਾਧ ਸੰਗਿ ਨਾਨਕ ਪਰਗਾਸਿਓ, ਆਨ ਨਾਹੀ ਰੇ ਬੀਓ ॥੨॥੧॥੨॥ (ਹੇ ਪ੍ਰਭੂ! ਮੇਰਾ) ਮਨ ਤੇਰਾ ਕੀਤਾ ਹਰੇਕ ਕੰਮ ਮਿੱਠਾ ਕਰਕੇ ਮੰਨਦਾ ਹੈ, (ਇਸ ਲਈ) ਮੈਂ ਕਿਸੇ ਨੂੰ ਵੀ ਉਲਾਂਭਾ ਨਹੀਂ ਦਿਤਾ।੧।ਰਹਾਉ।(ਹੇ ਪ੍ਰਭੂ! ਤੇਰੀ) ਆਗਿਆ ਮਿੱਠੀ ਮੰਨ ਕੇ ਅਤੇ (ਤੇਰੇ ਸਰੂਪ ਨੂੰ) ਜਾਣ ਕੇ ਮੈਂ ਸੁਖ ਪਾਇਆ ਹੈ, ਤੇਰਾ ਨਾਮ ਸੁਣ ਸੁਣ ਕੇ ਮੈਂ ਜਿਉਂਦਾ ਹਾਂ। ਹੇ ਹਰੀ! ਮੈਂ ਇਹ ਉਪਦੇਸ਼ ਗੁਰੂ ਤੋਂ ਸੁਣ ਕੇ ਦ੍ਰਿੜ ਕੀਤਾ ਹੈ ਕਿ ਇਥੇ (ਇਸ ਲੋਕ ਵਿਚ) ਤੇ ਊਹਾ (ਪ੍ਰਲੋਕ ਵਿਚ ਕੇਵਲ) ਤੂੰ ਹੀ ਤੂੰਹੀ ਹੈਂ (ਸਭ ਜਗ੍ਹਾ ਮੌਜੂਦ ਹੈਂ ਅਤੇ ਮੇਰਾ ਸਹਾਈ ਹੈਂ)।੧।(ਹੇ ਪ੍ਰਭੂ!) ਜਦ ਤੋਂ ਮੈਨੂੰ ਇਸ ਗੱਲ ਦੀ ਸਮਝ ਪਈ ਹੈ, ਉਦੋਂ ਤੋਂ ਸਭ ਤਰ੍ਹਾਂ ਦਾ ਸੁਖ ਅਨੰਦ ਪ੍ਰਾਪਤ ਹੋ ਗਿਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਭਾਈ! ਸਾਧ ਸੰਗਤ ਦੁਆਰਾ (ਜਦ ਗੁਰੂ ਨੇ ਮੇਰੇ ਅੰਦਰ) ਗਿਆਨ ਦਾ ਚਾਨਣ ਕਰ ਦਿਤਾ, (ਤਦ ਤੋਂ ਮੈਨੂੰ) ਹਰੀ ਤੋਂ ਬਿਨਾ ਹੋਰ ਕੋਈ ਦੂਜਾ ਦਿਸਦਾ ਹੀ ਨਹੀਂ।੨।੧।੨।

ਪਦਾਰਥ = ਦੁਪਦੇ–ਦੋ ਪਦਿਆਂ ਵਾਲਾ ਸ਼ਬਦ। ਉਲਾਹਨੋ–ਉਲਾਂਭਾ। ਕਾਹੂ–ਕਿਸੇ ਨੂੰ। ਤੁਹਾਰੋ ਕੀਓ–ਤੇਰਾ ਕੀਤਾ (ਹਰੇਕ ਕੰਮ)।੧। ਰਹਾਉ। ਮਾਨਿ–ਮੰਨ ਕੇ। ਜਾਨਿ–ਜਾਣ ਕੇ। ਸੁਨਿ–ਸੁਣ ਕੇ। ਜੀਓ–ਜਿਉਂਦਾ ਹਾਂ। ਈਹਾ–ਇਸ ਲੋਕ ਵਿਚ। ਊਹਾ–ਪ੍ਰਲੋਕ ਵਿਚ। ਹਰਿ–ਹੇ ਹਰੀ!। ਗੁਰ ਤੇ–ਗੁਰੂ ਤੋਂ। ਮੰਤ੍ਰੁ–ਉਪਦੇਸ਼। ਦ੍ਰਿੜੀਓ–(ਮਨ ਵਿਚ) ਪੱਕਾ ਕਰ ਲਿਆ।੧। ਜਬ ਤੇ–ਜਦ ਤੋਂ। ਜਾਨਿ ਪਾਈ–ਸਮਝ ਪੈ ਗਈ। ਬਾਤਾ–ਗੱਲ। ਤਬ–ਤਦ। ਕੁਸਲ–ਸੁਖ। ਖੇਮ–ਅਨੰਦ। ਆਨ–ਹੋਰ। ਰੇ–ਹੇ ਭਾਈ!। ਬੀਓ–ਕੋਈ ਦੂਜਾ।੨।੧।੨।

ਨਟ ਮਹਲਾ ੫ ॥ ਜਾ ਕਉ ਭਈ ਤੁਮਾਰੀ ਧੀਰ ॥ ਜਮ ਕੀ ਤ੍ਰਾਸ ਮਿਟੀ ਸੁਖੁ ਪਾਇਆ, ਨਿਕਸੀ ਹਉਮੈ ਪੀਰ ॥੧॥ਰਹਾਉ॥ ਤਪਤਿ ਬੁਝਾਨੀ ਅਮ੍ਰਿਤ ਬਾਨੀ, ਤ੍ਰਿਪਤੇ ਜਿਉ ਬਾਰਿਕ ਖੀਰ ॥ ਮਾਤ ਪਿਤਾ ਸਾਜਨ ਸੰਤ ਮੇਰੇ, ਸੰਤ ਸਹਾਈ ਬੀਰ ॥੧॥ ਹੇ ਪ੍ਰਭੂ! ਜਿਸ ਮਨੁੱਖ ਨੂੰ ਤੇਰੀ ਧੀਰਜਤਾ ਪ੍ਰਾਪਤ ਹੋਈ ਹੈ।(ਉਸ ਦੇ ਅੰਦਰੋਂ) ਜਮ ਦੀ ਤ੍ਰਾਸ ਮਿਟ ਗਈ ਹੈ ਤੇ ਉਸ ਨੇ ਸੁਖ ਪ੍ਰਾਪਤ ਕਰ ਲਿਆ ਹੈ, (ਉਸ ਦੇ ਅੰਦਰੋਂ) ਹਉਮੈ ਦੀ ਪੀੜ ਨਿਕਲ ਗਈ ਹੈ।੧।ਰਹਾਉ।(ਹੇ ਭਾਈ! ਜਿਨ੍ਹਾਂ ਮਨੁੱਖਾਂ ਦੇ ਅੰਦਰੋਂ ਗੁਰੂ ਦੀ)

ਅੰਮ੍ਰਿਤ ਬਾਣੀ ਨੇ (ਵਿਸ਼ੇ ਵਿਕਾਰਾਂ ਦੀ) ਤਪਸ਼ ਬੁਝਾ ਦਿਤੀ ਹੈ, (ਉਹ) ਰੱਜ ਗਏ ਹਨ, ਜਿਵੇਂ ਬੱਚੇ ਦੁੱਧ ਪੀ ਕੇ ਰੱਜ ਜਾਂਦੇ ਹਨ।(ਹੇ ਭਾਈ!) ਮੇਰੇ ਲਈ ਸੰਤ ਮਾਤਾ ਪਿਤਾ, ਸੱਜਨ ਮਿਤ੍ਰ ਹਨ ਅਤੇ ਸੰਤ ਹੀ ਸਹਾਇਤਾ ਕਰਨ ਵਾਲੇ ਮੇਰੇ ਭਰਾ ਹਨ।੧।

ਅੰਗ ੯੭੯ = ਖੁਲੇ ਭ੍ਰਮ ਭੀਤਿ ਮਿਲੇ ਗੋਪਾਲਾ, ਹੀਰੈ ਬੇਧੇ ਹੀਰ ॥ ਬਿਸਮ ਭਏ ਨਾਨਕ ਜਸੁ ਗਾਵਤ, ਠਾਕੁਰ ਗੁਨੀ ਗਹੀਰ ॥੨॥੨॥੩॥ ਨਾਨਕ ਗੁਰੂ ਜੀ ਆਖਦੇ ਹਨ (ਕਿ ਜਿਨ੍ਹਾਂ ਮਨੁੱਖਾਂ ਦੇ) ਭਰਮ ਦੇ ਤਖਤੇ ਖੁਲ੍ਹ ਗਏ ਹਨ, (ਉਨ੍ਹਾਂ ਨੂੰ) ਪ੍ਰਭੂ ਮਿਲ ਪਿਆ ਹੈ, (ਉਨ੍ਹਾਂ ਦੀ ਆਤਮਾ, ਪ੍ਰਮਾਤਮਾ ਵਿਚ ਇਉਂ ਮਿਲ ਗਈ, ਜਿਵੇਂ) ਹੀਰੇ ਨੂੰ ਹੀਰਾ ਵਿੰਨ੍ਹ ਲੈਂਦਾ ਹੈ।(ਉਹ) ਗੁਣਾਂ ਦੇ ਸਮੁੰਦਰ ਪ੍ਰਭੂ ਦੇ ਗੁਣ ਗਾਉਂਦਿਆਂ ਅਨੰਦ ਮਗਨ ਹੋ ਗਏ ਹਨ।੨।੨।੩।

ਪਦਾਰਥ = ਜਾ ਕਉ–ਜਿਸ ਨੂੰ।ਭਈ–ਹੋਈ ਹੈ।ਧੀਰ–ਧੀਰਜ; ਹੌਸਲਾ।ਤ੍ਰਾਸ–ਡਰ।ਨਿਕਸੀ–ਨਿਕਲ ਗਈ।ਪੀਰ–ਪੀੜ; ਦਰਦ।੧।ਰਹਾਉ।ਤਪਤਿ–ਤਪਸ਼ (ਜਲਨ)।ਬੁਝਾਨੀ–ਬੁਝਾ ਦਿਤੀ।ਬਾਨੀ–ਬਾਣੀ ਨੇ।ਤ੍ਰਿਪਤੇ–ਰੱਜ ਗਏ ਹਨ।ਬਾਰਿਕ–ਬੱਚੇ।ਖੀਰ–ਦੁੱਧ।ਸਹਾਈ–ਸਹਾਇਤਾ ਕਰਨ ਵਾਲੇ।ਬੀਰ–ਭਰਾ।੧।ਭ੍ਰਮ ਭੀਤਿ–ਭਰਮ ਦੇ ਤਖਤੇ (ਪੜਦੇ)।ਗੋਪਾਲਾ–ਸ੍ਰਿਸਟੀ ਦਾ ਪਾਲਣਹਾਰ ਪ੍ਰਭੂ।ਹੀਰੈ–ਹੀਰੇ ਨੂੰ।ਬੇਧੇ–ਵਿਨ੍ਹ ਲਿਆ ਹੈ।ਹੀਰ–ਹੀਰਾ।ਬਿਸਮ–ਅਸਚਰਜ ਭਰਿਆ ਅਨੰਦ।ਭਏ–ਹੋਏ ਹਨ।ਠਾਕੁਰ–ਮਾਲਕ ਪ੍ਰਭੂ।ਗੁਨੀ ਗਹੀਰ–ਗੁਣਾਂ ਦਾ ਸਮੁੰਦਰ।੨।੨।੩।

ਨਟ ਮਹਲਾ ੫ ॥ ਅਪਨਾ ਜਨੁ ,ਆਪਹਿ ਆਪਿ ਉਧਾਰਿਓ ॥ ਆਠ ਪਹਰ ਜਨ ਕੈ ਸੰਗਿ ਬਸਿਓ, ਮਨ ਤੇ ਨਾਹਿ ਬਿਸਾਰਿਓ ॥੧॥ ਰਹਾਉ॥ ਬਰਨੁ ਚਿਹਨੁ ਨਾਹੀ ਕਿਛੁ ਪੇਖਿਓ, ਦਾਸ ਕਾ ਕੁਲੁ ਨ ਬਿਚਾਰਿਓ ॥ ਕਰਿ ਕਿਰਪਾ ਨਾਮੁ ਹਰਿ ਦੀਓ, ਸਹਜਿ ਸੁਭਾਇ ਸਵਾਰਿਓ ॥੧॥ ਮਹਾ ਬਿਖਮੁ ਅਗਨਿ ਕਾ ਸਾਗਰੁ ,ਤਿਸ ਤੇ ਪਾਰਿ ਉਤਾਰਿਓ ॥ ਪੇਖਿ ਪੇਖਿ ਨਾਨਕ ਬਿਗਸਾਨੋ, ਪੁਨਹ ਪੁਨਹ ਬਲਿਹਾਰਿਓ ॥੨॥੩॥੪॥ (ਹੇ ਭਾਈ! ਪ੍ਰਭੂ ਨੇ) ਅਪਣੇ ਸੇਵਕ ਨੂੰ ਆਪ ਹੀ ਆਪ (ਭਵਜਲ ਤੋਂ) ਤਾਰਿਆ ਹੈ।(ਪ੍ਰਭੂ) ਅੱਠੇ ਪਹਿਰ ਅਪਣੇ ਸੇਵਕ ਦੇ ਨਾਲ ਵਸਦਾ ਰਿਹਾ ਹੈ ਅਤੇ (ਪ੍ਰਭੂ ਨੇ ਅਪਣੇ ਸੇਵਕ ਨੂੰ) ਮਨ ਤੋਂ ਕਦੇ ਨਹੀਂ ਭੁਲਾਇਆ।੧।ਰਹਾਉ।ਹਰੀ ਨੇ ਅਪਣੇ ਦਾਸ ਦਾ ਰੰਗ ਰੂਪ (ਚਿਹਰਾ ਮੁਹਰਾ) ਕੁਛ ਨਹੀਂ ਦੇਖਿਆ ਅਤੇ ਨਾ ਹੀ (ਉਚਾ ਨੀਵਾਂ) ਖਾਨਦਾਨ ਬਿਚਾਰਿਆ ਹੈ।ਹਰੀ ਨੇ ਕ੍ਰਿਪਾ ਕਰਕੇ (ਸੇਵਕ ਨੂੰ ਅਪਣਾ) ਨਾਮ ਬਖਸ਼ ਦਿਤਾ ਹੈ ਅਤੇ ਸੁਤੇ ਸਿੱਧ ਹੀ (ਸੇਵਕ ਦਾ ਜੀਵਨ) ਸਵਾਰ ਦਿਤਾ ਹੈ।੧।(ਹੇ ਭਾਈ! ਇਹ ਸੰਸਾਰ ਵਿਸ਼ੇ ਵਿਕਾਰਾਂ ਦੀ) ਅੱਗ ਦਾ ਸਮੁੰਦਰ ਹੈ, (ਇਸ ਤੋਂ ਪਾਰ ਹੋਣਾ) ਬਹੁਤ ਕਠਨ ਹੈ, (ਅਪਣੇ ਸੇਵਕ ਨੂੰ ਪ੍ਰਭੂ ਨੇ) ਕ੍ਰਿਪਾ ਕਰਕੇ ਉਸ (ਅੱਗ ਦੇ ਸਮੁੰਦਰ) ਤੋਂ ਪਾਰ ਉਤਾਰ ਦਿਤਾ ਹੈ।(ਪ੍ਰਭੂ ਦੇ ਇਸ ਤਰ੍ਹਾਂ ਦੇ ਕੌਤਕ) ਦੇਖ ਦੇਖ ਕੇ ਨਾਨਕ ਖੁਸ਼ ਹੁੰਦਾ ਹੈ ਅਤੇ ਬਾਰ ਬਾਰ ਬਲਿਹਾਰ ਜਾਂਦਾ ਹੈ।੨।੩।੪।

ਪਦਾਰਥ = ਜਨੁ–ਸੇਵਕ ਨੂੰ।ਆਪਹਿ ਆਪਿ–ਆਪ ਹੀ ਆਪ।ਉਧਾਰਿਓ–ਤਾਰਿਆ ਹੈ।ਕੈ ਸੰਗਿ–ਦੇ ਨਾਲ।ਤੇ–ਤੋਂ।ਬਿਸਾਰਿਓ–ਭੁਲਾਇਆ ਹੈ।੧।ਬਰਨ–ਰੰਗ।ਚਿਹਨ–ਰੂਪ।ਪੇਖਿਓ–ਦੇਖਿਆ।ਕੁਲੁ–ਖਾਨਦਾਨ।ਕਰਿ–ਕਰਕੇ।ਦੀਓ–ਦਿਤਾ ਹੈ।ਸਹਜਿ ਸੁਭਾਇ–ਸੁਤੇ ਸਿੱਧ।ਸਵਾਰਿਓ–ਸਵਾਰ (ਸੋਹਣਾ ਬਣਾ) ਦਿਤਾ।੧।ਮਹਾ ਬਿਖਮੁ–ਬਹੁਤ ਕਠਨ।ਅਗਨਿ ਕਾ–(ਤ੍ਰਿਸ਼ਨ ਦੀ) ਅੱਗ ਦਾ।ਤਿਸ ਤੇ–ਉਸ ਤੋਂ।ਪੇਖਿ–ਦੇਖ ਕੇ।ਬਿਗਸਾਨੋ–ਖੁਸ਼ ਹੁੰਦਾ ਹੈ।ਪੁਨਹ ਪੁਨਹ–ਬਾਰ ਬਾਰ।ਬਲਿਹਾਰਿਓ–ਸਦਕੇ ਜਾਂਦਾ ਹੈ।੨।੩।੪।

ਨਟ ਮਹਲਾ ੫ ॥ ਹਰਿ ਹਰਿ ਮਨ ਮਹਿ ਨਾਮੁ ਕਹਿਓ ॥ ਕੋਟਿ ਅਪ੍ਰਾਧ ਮਿਟਹਿ ਖਿਨ ਭੀਤਰਿ, ਤਾ ਕਾ ਦੁਖੁ ਨ ਰਹਿਓ ॥੧॥ਰਹਾਉ॥ ਖੋਜਤ ਖੋਜਤ ਭਇਓ ਬੈਰਾਗੀ, ਸਾਧੂ ਸੰਗਿ ਲਹਿਓ ॥ ਸਗਲ ਤਿਆਗਿ ਏਕ ਲਿਵ ਲਾਗੀ, ਹਰਿ ਹਰਿ ਚਰਨ ਗਹਿਓ ॥੧॥ ਕਹਤ ਮੁਕਤ ਸੁਨਤੇ ਨਿਸਤਾਰੇ, ਜੋ ਜੋ ਸਰਨਿ ਪਇਓ ॥ ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪੁਨਾ, ਕਹੁ ਨਾਨਕ ਅਨਦ ਭਇਓ ॥੨॥੪॥੫॥ (ਹੇ ਭਾਈ! ਜਿਸ ਮਨੁੱਖ ਨੇ ਅਪਣੇ) ਮਨ ਵਿਚ ਹਰੀ ਦਾ ਨਾਮ ਜਪਿਆ ਹੈ।(ਉਸ ਦੇ) ਇਕ ਖਿਨ ਵਿਚ ਕ੍ਰੋੜਾਂ ਪਾਪ ਮਿਟ ਜਾਂਦੇ ਹਨ ਅਤੇ ਉਸ ਦਾ ਕੋਈ ਦੁਖ ਵੀ ਨਹੀਂ ਰਹਿ ਜਾਂਦਾ।੧।ਰਹਾਉ।(ਜਿਹੜਾ ਮਨੁੱਖ ਪ੍ਰਭੂ ਨੂੰ) ਖੋਜਦਿਆਂ ਖੋਜਦਿਆਂ ਬੈਰਾਗਵਾਨ ਹੋ ਗਿਆ ਹੈ, (ਉਸ ਨੇ) ਸਾਧੂ ਗੁਰੂ ਦਾ ਸੰਗ ਕਰਕੇ (ਪ੍ਰਭੂ ਨੂੰ) ਲੱਭ ਲਿਆ ਹੈ।(ਉਸ ਨੇ) ਹਰੀ ਦੇ ਚਰਨ ਫੜ ਲਏ ਹਨ ਅਤੇ ਸਾਰੇ ਸਾਧਨ ਛਡ ਕੇ (ਉਸ ਦੀ) ਇਕ ਪ੍ਰਭੂ ਵਿਚ ਲਿਵ ਲਗ ਗਈ ਹੈ।੧।(ਹੇ ਭਾਈ!) ਜੋ ਜੋ ਮਨੁੱਖ ਪ੍ਰਭੂ ਦੀ ਸ਼ਰਨ ਵਿਚ ਪਿਆ ਹੈ (ਪ੍ਰਭੂ ਦਾ ਨਾਮ) ਜਪਣ ਵਾਲੇ (ਉਹ ਮਨੁੱਖ ਜਨਮ ਮਰਨ ਦੇ ਗੇੜ ਤੋਂ) ਮੁਕਤ ਹੋ ਗਏ ਹਨ ਅਤੇ (ਜੋ ਪ੍ਰਭੂ ਦਾ ਨਾਮ) ਸੁਣਨ ਵਾਲੇ ਹਨ, (ਉਨ੍ਹਾਂ ਨੂੰ ਵੀ ਪ੍ਰਭੂ ਨੇ ਭਵਜਲ ਤੋਂ) ਤਾਰ ਦਿਤਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਅਪਣੇ ਮਾਲਕ ਪ੍ਰਭੂ ਨੂੰ ਸਿਮਰ ਸਿਮਰ ਕੇ (ਦਾਸਾਂ ਨੂੰ) ਅਨੰਦ ਪ੍ਰਾਪਤ ਹੋਇਆ ਹੈ।੨।੪।੫।

ਪਦਾਰਥ = ਮਨ ਮਹਿ–ਮਨ ਵਿਚ।ਕਹਿਓ–ਸਿਮਰਿਆ ਹੈ।ਕੋਟਿ ਅਪ੍ਰਾਧ–ਕ੍ਰੋੜਾਂ ਪਾਪ।ਮਿਟਹਿ–ਮਿਟ ਜਾਂਦੇ ਹਨ।ਖਿਨ ਭੀਤਰਿ–

ਇਕ ਖਿਨ ਵਿਚ। ਤਾ ਕਾ–ਉਸ ਦਾ। ਨ ਰਹਿਓ–ਨਹੀਂ ਰਿਹਾ।੧। ਰਹਾਉ। ਖੋਜਤ–ਖੋਜ ਕਰਦਿਆਂ। ਭਇਓ–ਹੋ ਗਿਆ। ਬੈਰਾਗੀ–ਬੈਰਾਗਵਾਨ। ਸਾਧੂ–ਗੁਰੂ। ਲਹਿਓ–ਲੱਭ ਲਿਆ। ਸਗਲ–ਸਾਰੇ (ਸਾਧਨ)। ਤਿਆਗਿ–ਛਡ ਕੇ। ਏਕ–ਇਕ ਪ੍ਰਭੂ ਵਿਚ। ਲਿਵ ਲਾਗੀ –ਬਿਰਤੀ ਲਗ ਗਈ। ਗਹਿਓ–ਫੜ ਲਏ।੧। ਕਹਤ–ਕਹਿਣ ਵਾਲੇ। ਮੁਕਤ–ਜਨਮ ਮਰਨ ਦੇ ਗੇੜ ਤੋਂ ਛੁਟਕਾਰਾ। ਸੁਨਤੇ–ਸੁਣਨ ਵਾਲੇ (ਸ੍ਰੋਤੇ)। ਨਿਸਤਾਰੇ–ਤਾਰ ਦਿਤਾ। ਸਰਨਿ ਪਇਓ–ਸ਼ਰਨ ਵਿਚ ਪਿਆ ਹੈ। ਸਿਮਰਿ–ਸਿਮਰ ਕੇ। ਸੁਆਮੀ–ਮਾਲਕ।੨।੪।੫।

ਨਟ ਮਹਲਾ ੫ ॥ ਚਰਨ ਕਮਲ ਸੰਗਿ ਲਾਗੀ ਡੋਰੀ ॥ ਸੁਖ ਸਾਗਰ ਕਰਿ ਪਰਮਗਤਿ ਮੋਰੀ ॥੧॥ਰਹਾਉ॥ ਅੰਚਲਾ ਗਹਾਇਓ ਜਨ ਅਪੁਨੇ ਕਉ ,ਮਨੁ ਬੀਧੋ ਪ੍ਰੇਮ ਕੀ ਖੋਰੀ ॥ ਜਸੁ ਗਾਵਤ ਭਗਤਿ ਰਸੁ ਉਪਜਿਓ, ਮਾਇਆ ਕੀ ਜਾਲੀ ਤੋਰੀ ॥੧॥ ਪੂਰਨ ਪੂਰਿ ਰਹੇ ਕਿਰਪਾ ਨਿਧਿ, ਆਨ ਨ ਪੇਖਉ ਹੋਰੀ ॥ ਨਾਨਕ ਮੇਲਿ ਲੀਓ ਦਾਸੁ ਅਪੁਨਾ, ਪ੍ਰੀਤਿ ਨ ਕਬਹੂ ਥੋਰੀ ॥੨॥੫॥੬॥ ਹੇ ਸੁੱਖਾਂ ਦੇ ਸਾਗਰ! ਤੇਰੇ ਚਰਨ ਕਮਲਾਂ ਨਾਲ ਮੇਰੀ ਬਿਰਤੀ ਲਗ ਗਈ ਹੈ, (ਕ੍ਰਿਪਾ ਕਰਕੇ ਤੂੰ) ਮੇਰੀ ਕਲਿਆਣ ਕਰ।੧। ਰਹਾਉ। (ਹੇ ਪ੍ਰਭੂ!) ਤੂੰ ਅਪਣਾ ਪੱਲਾ ਅਪਣੇ ਸੇਵਕ ਨੂੰ ਫੜਾਇਆ ਹੈ, ਮੇਰਾ ਮਨ ਤੇਰੇ ਪ੍ਰੇਮ ਦੀ ਖੁਮਾਰੀ ਵਿਚ ਵਿਨ੍ਹਿਆ ਗਿਆ ਹੈ। ਤੇਰਾ ਜਸ ਗਾਉਂਦਿਆਂ (ਮੇਰੇ ਮਨ ਵਿਚ) ਭਗਤੀ ਦਾ ਰਸ ਪੈਦਾ ਹੋਇਆ ਹੈ, (ਜਿਸ ਦੀ ਬਰਕਤ ਨਾਲ) ਮੈਂ ਮਾਇਆ ਦੀ ਫਾਹੀ ਤੋੜ ਦਿਤੀ ਹੈ।੧। ਹੇ ਕ੍ਰਿਪਾ ਦੇ ਖਜਾਨੇ ਪੂਰਨ ਪ੍ਰਭੂ! (ਤੂੰ ਸੰਸਾਰ ਵਿਚ) ਵਿਆਪਕ ਹੋ ਰਿਹਾ ਹੈਂ, ਮੈਂ (ਤੇਰੇ ਬਿਨਾ) ਦੂਜੇ ਕਿਸੇ ਹੋਰ ਨੂੰ ਨਹੀਂ ਦੇਖਦਾ। ਨਾਨਕ ਗੁਰੂ ਜੀ ਆਖਦੇ ਹਨ ਕਿ (ਹੇ ਪ੍ਰਭੂ! ਤੈਂ ਮੈਨੂੰ) ਅਪਣਾ ਦਾਸ ਜਾਣ ਕੇ ਅਪਣੇ ਨਾਲ ਮਿਲਾ ਲਿਆ ਹੈ, (ਜਿਸ ਕਰਕੇ ਮੇਰੀ) ਪ੍ਰੀਤ ਥੋੜੀ ਨਹੀਂ ਹੁੰਦੀ (ਵਧਦੀ ਜਾਂਦੀ ਹੈ)।੨।੫।੬।

ਪਦਾਰਥ = ਸੰਗਿ–ਨਾਲ। ਡੋਰੀ–ਬਿਰਤੀ; ਪ੍ਰੀਤ; ਪ੍ਰੇਮ ਬੰਧਨ। ਸੁਖ ਸਾਗਰ–ਹੇ ਸੁੱਖਾਂ ਦੇ ਸਮੁੰਦਰ!। ਪਰਮਗਤਿ–ਮੁਕਤੀ। ਮੋਰੀ–ਮੇਰੀ।੧। ਰਹਾਉ। ਅੰਚਲਾ–ਪੱਲਾ। ਗਹਾਇਓ–ਫੜਾਇਆ ਹੈ। ਜਨ ਕਉ–ਸੇਵਕ ਨੂੰ। ਬੀਧੋ–ਵਿਨ੍ਹਿਆ ਗਿਆ। ਖੋਰੀ–ਖੁਮਾਰੀ; ਮਸਤੀ। ਭਗਤਿ ਰਸੁ– ਭਗਤ ਦਾ ਅਨੰਦ। ਉਪਜਿਓ–ਪੈਦਾ ਹੋਇਆ। ਜਾਲੀ–ਫਾਹੀ। ਤੋਰੀ–ਤੋੜ ਦਿਤੀ।੧। ਪੂਰਨ–ਗੁਣਾਂ ਵਿਚ ਪੂਰਨ। ਪੂਰਿ ਰਹੇ–ਵਿਆਪਕ ਹੋ ਰਿਹਾ ਹੈ। ਕਿਰਪਾ ਨਿਧਿ–ਹੇ ਕ੍ਰਿਪਾ ਦੇ ਖਜਾਨੇ ਪ੍ਰਭੂ!। ਆਨ–ਹੋਰ ਦੂਜਾ। ਪੇਖਉ–ਮੈਂ ਦੇਖਦਾ ਹਾਂ। ਹੋਰੀ–ਕਿਸੇ ਹੋਰ ਨੂੰ। ਕਬਹੂ–ਕਦੇ ਵੀ। ਥੋਰੀ–ਥੋੜੀ; ਘੱਟ।੨।੫।੬।

ਨਟ ਮਹਲਾ ੫ ॥ ਮੇਰੇ ਮਨ, ਜਪੁ ਜਪਿ ਹਰਿ ਨਾਰਾਇਣ ॥ ਕਬਹੂ ਨ ਬਿਸਰਹੁ ਮਨ ਮੇਰੇ ਤੇ, ਆਠ ਪਹਰ ਗੁਨ ਗਾਇਣ ॥੧॥ ਰਹਾਉ॥ ਸਾਧੂ ਧੂਰਿ ਕਰਉ ਨਿਤ ਮਜਨੁ ,ਸਭ ਕਿਲਬਿਖ ਪਾਪ ਗਵਾਇਣ ॥ ਪੂਰਨ ਪੂਰਿ ਰਹੇ ਕਿਰਪਾ ਨਿਧਿ, ਘਟਿ ਘਟਿ ਦਿਸਟਿ ਸਮਾਇਣੁ ॥੧॥ ਜਾਪ ਤਾਪ ਕੋਟਿ ਲਖ ਪੂਜਾ, ਹਰਿ ਸਿਮਰਣ ਤੁਲਿ ਨ ਲਾਇਣ ॥ ਦੁਇ ਕਰ ਜੋੜਿ ਨਾਨਕੁ ਦਾਨੁ ਮਾਂਗੈ, ਤੇਰੇ ਦਾਸਨਿ ਦਾਸ ਦਸਾਇਣੁ ॥੨॥੬॥੭॥ ਹੇ ਮੇਰੇ ਮਨ! ਹਰੀ ਨਰਾਇਣ ਦੇ ਨਾਮ ਦਾ ਜਾਪ ਜਪਿਆ ਕਰ। (ਮੈਂ ਬੇਨਤੀ ਕਰਦਾ ਹਾਂ ਕਿ ਹੇ ਪ੍ਰਭੂ!) ਮੇਰੇ ਮਨ ਤੋਂ ਕਦੇ ਵੀ ਨਾ ਵਿਸਰ, ਮੈਂ ਅੱਠੇ ਪਹਿਰ ਤੇਰੇ ਗੁਣ ਗਾਇਨ ਕਰਦਾ ਰਹਾਂ।੧। ਰਹਾਉ। (ਹੇ ਪ੍ਰਭੂ! ਮੇਰੇ ਤੇ ਕ੍ਰਿਪਾ ਕਰ) ਮੈਂ ਸਾਧੂ ਗੁਰੂ ਦੀ ਚਰਨ ਧੂੜ ਵਿਚ ਹਰ ਰੋਜ ਇਸ਼ਨਾਨ ਕਰਦਾ ਰਹਾਂ, (ਤਾਂ ਕਿ ਮੇਰੇ) ਸਾਰੇ ਛੋਟੇ ਪਾਪ ਤੇ ਵੱਡੇ ਪਾਪ ਦੂਰ ਹੋ ਜਾਣ। ਹੇ ਕ੍ਰਿਪਾ ਦੇ ਖਜਾਨੇ! ਹੇ ਵਿਆਪਕ ਹੋ ਰਹੇ ਪੂਰਨ ਪ੍ਰਭੂ! (ਕ੍ਰਿਪਾ ਕਰ) ਤੂੰ ਮੈਨੂੰ ਘਟ ਘਟ ਵਿਚ ਸਮਾਇਆ ਦਿਸਦਾ ਰਹੇਂ।੧। ਹੇ ਹਰੀ! ਕ੍ਰੋੜਾਂ ਤਰ੍ਹਾਂ ਦੇ ਜਪ ਤਪ ਤੇ ਲੱਖਾਂ ਤਰ੍ਹਾਂ ਦੀ ਪੂਜਾ, ਤੇਰੇ ਨਾਮ ਸਿਮਰਨ ਦੇ ਬਰਾਬਰ ਨਹੀਂ ਲਗ ਸਕਦੇ। ਨਾਨਕ ਦੋਵੇਂ ਹੱਥ ਜੋੜ ਕੇ (ਤੇਰੇ ਪਾਸੋਂ) ਦਾਨ ਮੰਗਦਾ ਹੈ ਕਿ ਮੈਂ ਤੇਰੇ ਦਾਸਾਂ ਦੇ ਦਾਸਾਂ ਦਾ ਦਾਸ ਬਣਿਆ ਰਹਾਂ।੨।੬।੭।

ਪਦਾਰਥ = ਮਨ–ਹੇ ਮਨ!। ਜਪੁ ਹਰਿ–ਹਰੀ ਦੇ ਨਾਮ ਦਾ ਜਾਪ। ਜਪਿ–ਜਪਿਆ ਕਰ। ਕਬਹੂ–ਕਦੇ ਵੀ। ਨ ਬਿਸਰਹੁ–ਤੂੰ ਨਾ ਭੁੱਲ। ਤੇ–ਤੋਂ।੧। ਰਹਾਉ। ਸਾਧੂ ਧੂਰਿ–ਸਾਧ ਗੁਰੂ ਦੇ ਚਰਨਾਂ ਦੀ ਧੂੜ ਵਿਚ। ਕਰਉ–ਮੈਂ ਕਰਾਂ। ਨਿਤ–ਹਰ ਰੋਜ; ਸਦਾ। ਮਜਨੁ–ਇਸ਼ਨਾਨ। ਕਿਲਬਿਖ–ਪਾਪ। ਗਵਾਇਣ–ਦੂਰ ਹੋ ਜਾਣ। ਪੂਰਨ–ਗੁਣਾਂ ਵਿਚ ਪੂਰਾ। ਪੂਰਿ ਰਹੇ–ਵਿਆਪਕ ਹੋ ਰਿਹਾ ਹੈ। ਕਿਰਪਾ ਨਿਧਿ–ਹੇ ਕ੍ਰਿਪਾ ਦੇ ਖਜਾਨੇ!। ਘਟਿ ਘਟਿ–ਹਰੇਕ ਸਰੀਰ ਵਿਚ। ਦਿਸਟਿ–ਦਿਸਦਾ ਰਹੇਂ। ਸਮਾਇਣ–ਸਮਾਇਆ ਹੋਇਆ।੧। ਜਾਪ–ਦੇਵਤਿਆਂ ਨੂੰ ਖੁਸ਼ ਕਰਨ ਵਾਲੇ ਮੰਤ੍ਰਾਂ ਦਾ ਜਾਪ। ਤਾਪ–ਧੂਣੀਆਂ ਜਾਂ ਠੰਢੇ ਪਾਣੀ ਵਿਚ ਬੈਠ ਕੇ ਕੀਤੀ ਤਪੱਸਿਆ। ਕੋਟਿ–ਕ੍ਰੋੜਾਂ ਤਰ੍ਹਾਂ ਦੀ। ਤੁਲਿ ਨ ਲਾਇਣ–ਬਰਾਬਰ ਨਹੀਂ ਲਗ ਸਕਦੇ। ਕਰ–ਹੱਥ। ਦਾਸਨਿ ਦਾਸ ਦਸਾਇਣੁ–ਦਾਸਾਂ ਦੇ ਦਾਸਾਂ ਦਾ ਦਾਸ।੨।੬।੭।

ਨਟ ਮਹਲਾ ੫ ॥ ਮੇਰੈ ਸਰਬਸੁ ਨਾਮੁ ਨਿਧਾਨੁ ॥ ਕਰਿ ਕਿਰਪਾ ਸਾਧੂ ਸੰਗਿ ਮਿਲਿਓ, ਸਤਿਗੁਰਿ ਦੀਨੋ ਦਾਨੁ ॥੧॥ਰਹਾਉ॥ ਸੁਖ ਦਾਤਾ ਦੁਖ ਭੰਜਨਹਾਰਾ, ਗਾਉ ਕੀਰਤਨੁ ਪੂਰਨ ਗਿਆਨੁ ॥ ਕਾਮੁ ਕ੍ਰੋਧੁ ਲੋਭੁ ਖੰਡ ਖੰਡ ਕੀਨ੍ਹੇ, ਬਿਨਸਿਓ ਮੂੜ ਅਭਿਮਾਨੁ ॥੧॥ ਕਿਆ ਗੁਣ ਤੇਰੇ ਆਖਿ ਵਖਾਣਾ, ਪ੍ਰਭ ਅੰਤਰਜਾਮੀ ਜਾਨੁ ॥ ਚਰਨ ਕਮਲ ਸਰਨਿ ਸੁਖ ਸਾਗਰ, ਨਾਨਕੁ ਸਦ ਕੁਰਬਾਨੁ ॥੨॥੭॥੮॥

(ਹੇ ਭਾਈ! ਮੇਰੇ ਲਈ) ਪ੍ਰਭੂ ਦਾ ਨਾਮ ਹੀ ਸਭ ਕੁਛ ਹੈ, (ਇਹੋ ਮੇਰਾ) ਖਜਾਨਾ ਹੈ।(ਇਹ ਖਜਾਨਾ ਮੈਨੂੰ) ਪ੍ਰਭੂ ਦੀ ਕ੍ਰਿਪਾ ਕਰਕੇ ਸਾਧ ਗੁਰੂ ਦੀ ਸੰਗਤ ਵਿਚੋਂ ਮਿਲਿਆ ਹੈ, (ਮੈਨੂੰ ਇਹ) ਨਾਮ ਦਾਨ ਸਤਿਗੁਰੂ ਨੇ ਦਿਤਾ ਹੈ।੧।ਰਹਾਉ।(ਹੇ ਭਾਈ! ਪ੍ਰਭੂ) ਸੁੱਖਾਂ ਦਾ ਦਾਤਾ ਤੇ ਦੁੱਖ ਨਾਸ਼ ਕਰਨ ਵਾਲਾ ਹੈ, ਮੈਂ ਪ੍ਰਭੂ ਦਾ ਕੀਰਤਨ ਗਾਉਂਦਾ ਹਾਂ, (ਜਿਸ ਦਾ ਸਦਕਾ ਮੈਨੂੰ) ਪੂਰਨ ਪ੍ਰਭੂ ਦਾ ਗਿਆਨ ਪ੍ਰਾਪਤ ਹੋਇਆ ਹੈ।(ਪ੍ਰਭੂ ਦੇ ਗਿਆਨ ਨੇ ਮੇਰੇ ਮਨ ਵਿਚੋਂ) ਕਾਮ, ਕ੍ਰੋਧ ਤੇ ਲੋਭ ਨੂੰ ਟੋਟੇ ਟੋਟੇ ਕਰ ਦਿਤਾ ਹੈ ਅਤੇ (ਗਿਆਨ ਦੀ ਬਰਕਤ ਨਾਲ) ਮੂਰਖ ਬਣਾਉਣ ਵਾਲਾ ਹੰਕਾਰ ਵੀ ਨਾਸ਼ ਹੋ ਗਿਆ ਹੈ।੧।ਹੇ ਪ੍ਰਭੂ! ਮੈਂ ਤੇਰੇ ਕਿਹੜੇ ਕਿਹੜੇ ਗੁਣ ਆਖ ਕੇ ਬਿਆਨ ਕਰਾਂ? ਤੂੰ ਸਭ ਦੇ ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ ਜਾਣੀ ਜਾਣ ਹੈਂ।ਹੇ ਸੁੱਖਾਂ ਦੇ ਸਮੁੰਦਰ ਪ੍ਰਭੂ! ਨਾਨਕ ਤੈਥੋਂ ਸਦਾ ਕੁਰਬਾਨ ਜਾਂਦਾ ਹੈ, ਮੈਂ ਤੇਰੇ ਚਰਨ ਕਮਲਾਂ ਦੀ ਸ਼ਰਨ ਵਿਚ ਆਇਆ ਹਾਂ।੨।੭।੮।

ਪਦਾਰਥ = ਸਰਬਸੁ–ਸਭ ਕੁਛ; ਸਰਬੰਸ।ਨਿਧਾਨੁ–ਖਜਾਨਾ।ਕਰਿ–ਕਰ ਕੇ।ਸਤਿਗੁਰਿ–ਸਤਿਗੁਰੂ ਨੇ।ਦੀਨੋ–ਦਿਤਾ।੧।ਰਹਾਉ। ਭੰਜਨਹਾਰਾ–ਨਾਸ਼ ਕਰਨ ਵਾਲਾ।ਗਾਉ–ਮੈਂ ਗਾਉਂਦਾ ਹਾਂ।ਪੂਰਨ–ਵਿਆਪਕ ਪ੍ਰਭੂ ਦਾ।ਖੰਡ ਖੰਡ ਕੀਨ੍ਹੇ–ਟੋਟੇ ਟੋਟੇ ਕਰ ਦਿਤਾ ਹੈ। ਬਿਨਸਿਓ–ਨਾਸ਼ ਹੋ ਗਿਆ।ਮੂੜ–ਮੂਰਖ ਬਣਾਉਣ ਵਾਲਾ।੧।ਆਖਿ–ਆਖ ਕੇ।ਵਖਾਣਾ–ਬਿਆਨ ਕਰਾਂ।ਅੰਤਰਜਾਮੀ–ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ।ਜਾਨੁ–ਜਾਣੀ ਜਾਣ; ਸਿਆਣਾ।ਸੁਖ ਸਾਗਰ–ਹੇ ਸੁੱਖਾਂ ਦੇ ਸਮੁੰਦਰ!।ਸਦ–ਸਦਾ।੨।੭।੮।

ਅੰਗ ੯੮੦ = ਨਟ ਮਹਲਾ ੫ ॥ ਹਉ ਵਾਰਿ ਵਾਰਿ ਜਾਉ ,ਗੁਰ ਗੋਪਾਲ ॥੧॥ਰਹਾਉ॥ ਮੋਹਿ ਨਿਰਗੁਨ ਤੁਮ ਪੂਰਨ ਦਾਤੇ, ਦੀਨਾ ਨਾਥ ਦਇਆਲ ॥੧॥ ਊਠਤ ਬੈਠਤ ਸੋਵਤ ਜਾਗਤ, ਜੀਅ ਪ੍ਰਾਨ ਧਨ ਮਾਲ ॥੨॥ ਦਰਸਨ ਪਿਆਸ ਬਹੁਤੁ ਮਨਿ ਮੇਰੈ, ਨਾਨਕ ਦਰਸ ਨਿਹਾਲ ॥੩॥੮॥੯॥ ਹੇ ਪ੍ਰਿਥਵੀ ਦੇ ਪਾਲਣਹਾਰ ਗੁਰ ਪ੍ਰਮੇਸਰ! ਮੈਂ (ਤੈਥੋਂ) ਮਨ ਕਰਕੇ ਕੁਰਬਾਨ ਜਾਂਦਾ ਹਾਂ ਅਤੇ ਸਰੀਰ ਕਰਕੇ ਵੀ ਕੁਰਬਾਨ ਜਾਂਦਾ ਹਾਂ।੧।ਰਹਾਉ।ਹੇ ਗਰੀਬਾਂ ਦੇ ਮਾਲਕ ਪ੍ਰਭੂ! ਹੇ ਦਇਆ ਦੇ ਘਰ! ਮੈਂ ਗੁਣ ਹੀਣ ਹਾਂ, ਤੂੰ ਪੂਰਨ ਗੁਣਾਂ ਵਾਲਾ ਹੈਂ ਅਤੇ ਸਭ ਜੀਵਾਂ ਦਾ ਦਾਤਾ ਹੈ।੧।(ਹੇ ਪ੍ਰਭੂ!) ਉਠਦਿਆਂ, ਬੈਠਦਿਆਂ, ਸੌਂਦਿਆਂ ਤੇ ਜਾਗਦਿਆਂ ਮੇਰਾ ਜੀਵਨ, ਪ੍ਰਾਣ ਅਤੇ ਧਨ ਸੰਪਦਾ ਸਭ ਤੂੰ ਹੀ ਹੈਂ।੨।ਹੇ ਪ੍ਰਭੂ! ਮੇਰੇ ਮਨ ਵਿਚ ਤੇਰੇ ਦਰਸ਼ਨ ਕਰਨ ਦੀ ਬਹੁਤ ਪਿਆਸ ਹੈ, ਨਾਨਕ ਨੂੰ ਅਪਣਾ ਦਰਸ਼ਨ ਦੇ ਕੇ ਨਿਹਾਲ ਕਰ।੩।੮।੯।

ਪਦਾਰਥ = ਹਉ–ਮੈਂ।ਵਾਰਿ ਜਾਉ–ਕੁਰਬਾਨ ਜਾਂਦਾ ਹਾਂ।ਗੁਰ ਗੋਪਾਲ–ਹੇ ਪ੍ਰਿਥਵੀ ਦੇ ਪਾਲਣਹਾਰ ਗੁਰ ਪ੍ਰਮੇਸਰ!।੧।ਰਹਾਉ।ਮੋਹਿ –ਮੈਂ।ਨਿਰਗੁਨ–ਗੁਣ ਹੀਣ।ਪੂਰਨ–ਪੂਰਨ ਗੁਣਾਂ ਵਾਲਾ।ਦਾਤੇ–ਦਾਤਾਂ ਦੇਣ ਵਾਲਾ ਪ੍ਰਭੂ।ਦਇਆਲ–ਦਇਆ ਦਾ ਘਰ।ਦੀਨਾ ਨਾਥ– ਗਰੀਬਾਂ ਦਾ ਮਾਲਕ।ਜੀਅ–ਜੀਵਨ; ਮਨ।ਧਨ–ਦੌਲਤ।ਮਾਲ–ਸੰਪਦਾ; ਜਾਇਦਾਤ।ਮਨਿ–ਮਨ ਵਿਚ।੩।੮।੯।

ਨਟ ਪੜਤਾਲ ਮਹਲਾ ੫ ੴ ਸਤਿਗੁਰ ਪ੍ਰਸਾਦਿ ॥ ਕੋਊ ਹੈ ਮੇਰੋ ਸਾਜਨੁ ਮੀਤੁ ॥ ਹਰਿ ਨਾਮੁ ਸੁਨਾਵੈ ਨੀਤੁ ॥ ਬਿਨਸੈ ਦੁਖੁ ਬਿਪਰੀਤਿ ॥ ਸਭੁ ਅਰਪਉ ਮਨੁ ਤਨੁ ਚੀਤੁ ॥੧॥ਰਹਾਉ॥ ਕੋਈ ਵਿਰਲਾ ਆਪਨ ਕੀਤ ॥ ਸੰਗਿ ਚਰਨ ਕਮਲ ਮਨੁ ਸੀਤ ॥ ਕਰਿ ਕਿਰਪਾ ਹਰਿ ਜਸੁ ਦੀਤ ॥੧॥ ਹਰਿ ਭਜਿ, ਜਨਮੁ ਪਦਾਰਥੁ ਜੀਤ ॥ ਕੋਟਿ ਪਤਿਤ, ਹੋਹਿ ਪੁਨੀਤ ॥ ਨਾਨਕ ਦਾਸ, ਬਲਿ ਬਲਿ ਕੀਤ ॥੨॥ ੧॥੧੦॥੧੯॥ (ਹੇ ਭਾਈ! ਇਹੋ ਜਿਹਾ) ਕੋਈ ਮੇਰਾ ਸੱਜਨ ਮਿਤ੍ਰ ਹੈ? (ਜੋ ਮੈਨੂੰ) ਹਰ ਰੋਜ ਹਰੀ ਦਾ ਨਾਮ ਸੁਣਾਵੇ। (ਜਿਸ ਨਾਮ ਦੇ ਸੁਣਨ ਨਾਲ) ਉਲਟੀ ਰੀਤ ਵਾਲਾ ਦੁਖ ਨਾਸ਼ ਹੋ ਜਾਵੇ।(ਅਜੇਹੇ ਮਿਤ੍ਰ ਅੱਗੇ) ਮੈਂ ਮਨ ਤਨ ਤੇ ਚਿਤ ਸਭ ਕੁਛ ਭੇਟਾ ਕਰ ਦਿਆਂਗਾ।੧।ਰਹਾਉ।(ਹੇ ਭਾਈ! ਪ੍ਰਭੂ ਨੇ) ਕੋਈ ਵਿਰਲਾ ਮਨੁੱਖ ਅਪਣਾ ਬਣਾਇਆ ਹੈ।(ਜਿਸ ਦਾ) ਮਨ ਪ੍ਰਭੂ ਦੇ ਚਰਨ ਕਮਲਾਂ ਨਾਲ ਸੀਤਾ ਹੋਇਆ ਹੈ।ਹਰੀ ਨੇ ਕ੍ਰਿਪਾ ਕਰਕੇ (ਉਸ ਨੂੰ ਅਪਣਾ) ਜਸ ਕਰਨ ਦੀ ਦਾਤ ਦਿਤੀ ਹੈ।੧।(ਹੇ ਭਾਈ!) ਹਰੀ ਦਾ ਨਾਮ ਜਪ ਕੇ (ਜਿਸ ਮਨੁੱਖ ਨੇ ਅਪਣਾ) ਜਨਮ ਪਦਾਰਥ ਜਿੱਤ ਲਿਆ ਹੈ।(ਉਸ ਦੀ ਸੰਗਤ ਕਰਕੇ) ਕ੍ਰੋੜਾਂ ਪਾਪੀ ਮਨੁੱਖ ਪਵਿਤ੍ਰ ਹੋ ਜਾਂਦੇ ਹਨ।(ਅਜੇਹੇ) ਦਾਸਾਂ ਤੋਂ ਨਾਨਕ ਆਪਣੇ ਆਪ ਨੂੰ ਮਨ ਅਤੇ ਸਰੀਰ ਕਰਕੇ ਕੁਰਬਾਨ ਕਰਦਾ ਹੈ।੨।੧।੧੦।੧੯।

ਪਦਾਰਥ = ਕੋਊ–ਕੋਈ।ਸਾਜਨੁ ਮੀਤੁ–ਸੱਜਣ ਮਿਤ੍ਰ।ਨੀਤੁ–ਹਰ ਰੋਜ; ਸਦਾ।ਬਿਨਸੈ–ਨਾਸ਼ ਹੋ ਜਾਵੇ।ਬਿਪਰੀਤਿ–ਉਲਟੇ ਰੀਤ ਵਾਲਾ ਸੁਭਾਵ।ਅਰਪਉ–ਮੈਂ ਭੇਟਾ ਕਰ ਦਿਆਂਗਾ।ਤਨੁ–ਸਰੀਰ।ਚੀਤੁ–ਚਿੱਤ।੧।ਰਹਾਉ।ਕੀਤ–ਕੀਤਾ; ਬਣਾਇਆ।ਸੰਗਿ–ਨਾਲ ।ਸੀਤ–ਸਿਉਂਤਾ ਹੈ।ਕਰਿ–ਕਰਕੇ।ਦੀਤ–ਦਿਤਾ ਹੈ।੧।ਭਜਿ–ਜਪ ਕੇ।ਜੀਤ–ਜਿੱਤ ਲਿਆ ਹੈ।ਕੋਟਿ–ਕ੍ਰੋੜਾਂ।ਪਤਿਤ–ਪਾਪੀ। ਹੋਹਿ–ਹੋ ਜਾਂਦੇ ਹਨ।ਪੁਨੀਤ–ਪਵਿਤ੍ਰ।ਬਲਿ ਕੀਤ–ਕੁਰਬਾਨ ਕਰਦਾ ਹੈ।੨।੧।੧੦।੧੯।

ਨਟ ਅਸਟਪਦੀਆ ਮਹਲਾ ੪ ੴ ਸਤਿਗੁਰ ਪ੍ਰਸਾਦਿ ॥ ਰਾਮ, ਮੇਰੇ ਮਨਿ ਤਨਿ ਨਾਮੁ ਅਧਾਰੇ ॥ ਖਿਨੁ ਪਲੁ ਰਹਿ ਨ ਸਕਉ ਬਿਨੁ ਸੇਵਾ, ਮੈ ਗੁਰਮਤਿ ਨਾਮੁ ਸਮ੍ਹਾਰੇ ॥੧॥ਰਹਾਉ॥ ਹਰਿ ਹਰਿ ਹਰਿ ਹਰਿ ਹਰਿ ਮਨਿ ਧਿਆਵਹੁ ,ਮੈ ਹਰਿ ਹਰਿ ਨਾਮੁ ਪਿਆਰੇ

॥ ਦੀਨ ਦਇਆਲ ਭਏ ਪ੍ਰਭ ਠਾਕੁਰ, ਗੁਰ ਕੈ ਸਬਦਿ ਸਵਾਰੇ ॥੧॥ ਮਧਸੂਦਨ ਜਗਜੀਵਨ ਮਾਧੋ, ਮੇਰੇ ਠਾਕੁਰ ਅਗਮ ਅਪਾਰੇ ॥ ਇਕ ਬਿਨਉ ਬੇਨਤੀ ਕਰਉ ਗੁਰ ਆਗੈ, ਮੈ ਸਾਧੂ ਚਰਨ ਪਖਾਰੇ ॥੨॥ ਸਹਸ ਨੇਤ੍ਰ ਨੇਤ੍ਰ ਹੈ ਪ੍ਰਭ ਕਉ ,ਪ੍ਰਭੁ ਏਕੋ ਪੁਰਖੁ ਨਿਰਾਰੇ ॥ ਸਹਸ ਮੂਰਤਿ ਏਕੋ ਪ੍ਰਭੁ ਠਾਕੁਰੁ ,ਪ੍ਰਭੁ ਏਕੋ ਗੁਰਮਤਿ ਤਾਰੇ ॥੩॥ ਗੁਰਮਤਿ ਨਾਮੁ ਦਮੋਦਰੁ ਪਾਇਆ, ਹਰਿ ਹਰਿ ਨਾਮੁ ਉਰਿ ਧਾਰੇ ॥ ਹਰਿ ਹਰਿ ਕਥਾ ਬਨੀ ਅਤਿ ਮੀਠੀ, ਜਿਉ ਗੂੰਗਾ ਗਟਕ ਸਮ੍ਾਰੇ ॥੪॥ ਹੇ ਭਾਈ! ਮੇਰੇ ਮਨ ਵਿਚ ਤੇ ਸਰੀਰ ਵਿਚ ਪ੍ਰਭੂ ਦਾ ਨਾਮ ਹੀ ਆਸਰਾ ਹੈ। ਗੁਰੂ ਦੀ ਸੇਵਾ ਤੋਂ ਬਿਨਾ ਮੈਂ ਇਕ ਖਿਨ ਇਕ ਪਲ ਵੀ ਨਹੀਂ ਰਹਿ ਸਕਦਾ ਅਤੇ ਮੈਂ ਗੁਰੂ ਦੀ ਸਿਖਿਆ ਦੁਆਰਾ ਪ੍ਰਭੂ ਦੇ ਨਾਮ ਨੂੰ ਸਿਮਰਦਾ ਹਾਂ।੧।ਰਹਾਉ।(ਹੇ ਭਾਈ! ਤੁਸੀਂ ਵੀ ਮਨ, ਸਰੀਰ ਅਤੇ ਬਾਣੀ ਕਰਕੇ) ਹਰੀ ਦਾ ਨਾਮ ਧਿਆਵੋ, ਮੈਨੂੰ ਹਰੀ ਦਾ ਨਾਮ ਪਿਆਰਾ ਲਗਦਾ ਹਾਂ।(ਮੇਰੇ ਵਰਗੇ) ਗਰੀਬਾਂ ਉਤੇ ਪ੍ਰਭੂ ਮਾਲਕ ਦਇਆਵਾਨ ਹੋਏ ਹਨ, (ਪ੍ਰਭੂ ਨੇ ਮੇਰੇ ਮਨ ਨੂੰ) ਗੁਰੂ ਦੇ ਸ਼ਬਦ ਦੁਆਰਾ ਸਵਾਰ ਦਿਤਾ ਹੈ।੧।ਹੇ ਮਧੂ ਦੈਂਤ ਨੂੰ ਨਾਸ਼ ਕਰਨ ਵਾਲੇ! ਹੇ ਜਗਤ ਦੇ ਜੀਵਨ! ਹੇ ਮਾਇਆ ਦੇ ਪਤੀ ਪ੍ਰਭੂ! ਹੇ ਮਨ ਬਾਣੀ ਦੀ ਪਹੁੰਚ ਤੋਂ ਪਰੇ ਮੇਰੇ ਬੇਅੰਤ ਪ੍ਰਭੂ! (ਮੇਰੇ ਉਤੇ ਮੇਹਰ ਕਰ, ਤੇਰੇ ਨਾਮ ਦੀ ਪ੍ਰਾਪਤੀ ਵਾਸਤੇ) ਮੈਂ ਗੁਰੂ ਅੱਗੇ ਬੇਨਤੀ ਕਰਦਾ ਰਹਾਂ ਅਤੇ ਮੈਂ ਗੁਰੂ ਸਾਧੂ ਦੇ ਚਰਨ ਧੋਂਦਾ ਰਹਾਂ।੨।(ਹੇ ਭਾਈ! ਸੰਸਾਰ ਵਿਚ ਜੀਵਾਂ ਦੇ ਜੋ) ਹਜਾਰਾਂ ਨੇਤ੍ਰ ਹਨ, (ਉਹ ਸਭ) ਪ੍ਰਭੂ ਦੇ ਨੇਤ੍ਰ ਹਨ, (ਕਿਉਂਕਿ ਸਭ ਜੀਵਾਂ ਵਿਚ) ਇਕੋ ਪ੍ਰਭੂ ਵਿਆਪਕ ਤੇ ਨਿਰਲੇਪ ਹਸਤੀ ਹੈ।ਜੀਵਾਂ ਦੇ ਹਜਾਰਾਂ ਸਰੀਰਾਂ ਵਿਚ ਇਕੋ ਮਾਲਕ ਪ੍ਰਭੂ ਵਿਆਪਕ ਹੈ, ਇਕੋ ਪ੍ਰਭੂ ਗੁਰੂ ਦੀ ਸਿੱਖਿਆ ਰਾਹੀਂ (ਜੀਵਾਂ ਨੂੰ ਭਵਜਲ ਤੋਂ) ਤਾਰਦਾ ਹੈ। ੩।(ਹੇ ਭਾਈ! ਮੈਂ) ਗੁਰੂ ਦੀ ਸਿੱਖਿਆ ਦੁਆਰਾ ਪ੍ਰਭੂ ਦਾ ਨਾਮ ਪ੍ਰਾਪਤ ਕਰ ਲਿਆ ਹੈ ਅਤੇ ਮੈਂ ਪ੍ਰਭੂ ਦਾ ਨਾਮ ਹਿਰਦੇ ਵਿਚ ਧਾਰਨ ਕਰ ਲਿਆ ਹੈ।(ਮੇਰੇ ਲਈ) ਪ੍ਰਭੂ ਦੀ ਸਿਫਤ ਸਲਾਹ ਦੀ ਕਥਾ ਬਹੁਤ ਮਿੱਠੀ ਬਣੀ ਹੋਈ ਹੈ, ਜਿਵੇਂ ਗੂੰਗਾ ਮਨੁੱਖ (ਕੋਈ ਮਿੱਠੀ ਚੀਜ) ਗਟ ਗਟ ਕਰਕੇ ਬੜੇ ਸਵਾਦ ਨਾਲ ਪੀਂਦਾ ਹੈ ਅਤੇ (ਉਸ ਦਾ) ਅਨੰਦ ਲੈਂਦਾ ਹੈ (ਪਰ ਦਸ ਨਹੀਂ ਸਕਦਾ, ਤਿਵੇਂ) ਮੈਂ ਪ੍ਰਭੂ ਨੂੰ ਯਾਦ ਕਰਕੇ ਅਨੰਦ ਲੈਂਦਾ ਹਾਂ (ਪਰ ਇਹ ਅਨੰਦ ਬਿਆਨ ਨਹੀਂ ਕੀਤਾ ਜਾ ਸਕਦਾ)।੪।

ਪਦਾਰਥ = ਅਸਟਪਦੀਆ–ਅੱਠ ਪਦਿਆਂ ਵਾਲੀ ਬਾਣੀ।ਰਾਮ–ਹੇ ਭਾਈ!।ਮਨਿ–ਮਨ ਵਿਚ।ਤਨਿ–ਸਰੀਰ ਵਿਚ।ਅਧਾਰੇ–ਆਸਰਾ ।ਖਿਨੁ–ਅੱਖ ਝਮਕਣ ਜਿੰਨਾ ਸਮਾਂ।ਪਲੁ–ਬਹੁਤ ਥੋੜਾ ਸਮਾਂ।ਰਹਿ ਨ ਸਕਉ–ਮੈਂ ਰਹਿ ਨਹੀਂ ਸਕਦਾ।ਗੁਰਮਤਿ–ਗੁਰੂ ਦੀ ਸਿੱਖਿਆ ਦੁਆਰਾ।ਸਮ੍ਾਰੇ–ਸਿਮਰਦਾ ਹਾਂ।੧।ਰਹਾਉ।ਮੈ–ਮੈਨੂੰ।ਦੀਨ–ਗਰੀਬਾਂ ਉਤੇ।ਦਇਆਲ ਭਏ–ਦਇਆਵਾਨ ਹੋਏ।ਸਬਦਿ–ਸ਼ਬਦ ਦੁਆਰਾ।ਸਵਾਰੇ–ਸਵਾਰ ਦਿਤਾ ਹੈ।੧।ਮਧਸੂਦਨ–ਹੇ ਮਧੂ ਦੈਂਤ ਦਾ ਨਾਸ਼ ਕਰਨ ਵਾਲੇ!।ਜਗਜੀਵਨ–ਹੇ ਜਗਤ ਦੇ ਜੀਵਨ!।ਮਾਧੋ–ਹੇ ਮਾਇਆ ਦੇ ਪਤੀ ਪ੍ਰਭੂ!।ਅਗਮ ਅਪਾਰੇ–ਹੇ ਮਨ ਬਾਣੀ ਦੀ ਪਹੁੰਚ ਤੋਂ ਪਰੇ ਬੇਅੰਤ ਪ੍ਰਭੂ!।ਬਿਨਉ ਕਰਉ–ਮੈਂ ਬੇਨਤੀ ਕਰਦਾ ਰਹਾਂ।ਪਖਾਰੇ–ਧੋਂਦਾ ਰਹਾਂ।੨।ਸਹਸ–ਹਜਾਰਾਂ।ਨੇਤ੍ਰ–ਅੱਖਾਂ।ਪੁਰਖੁ–ਸਰਬ ਵਿਆਪਕ ਹਸਤੀ।ਨਿਰਾਰੇ–ਨਿਰਲੇਪ।ਮੂਰਤਿ–ਸਰੂਪ; ਸਰੀਰ।ਤਾਰੇ–ਤਾਰ ਦਿਤੇ।੩।ਉਰਿ–ਹਿਰਦੇ ਵਿਚ।ਦਮੋਦਰੁ–ਜਿਸ ਦੇ ਪੇਟ ਨੂੰ ਰੱਸੀ ਬੰਨ੍ਹੀ ਹੋਈ ਹੈ; ਕਰਤਾਰ (ਜਿਸ ਦੇ ਪੇਟ ਵਿਚ ਸਾਰਾ ਬ੍ਰਹਮੰਡ ਹੈ)।ਬਨੀ–ਬਣੀ ਹੈ।ਅਤਿ–ਬਹੁਤ।ਗਟਕ–ਸਵਾਦ ਨਾਲ ਗਟ ਗਟ ਕਰਕੇ ਪੀਣਾ।ਸਮ੍ਾਰੇ–ਯਾਦ ਕਰਦਾ ਹਾਂ।੪।

ਰਸਨਾ ਸਾਦ ਚਖੈ ਭਾਇ ਦੂਜੈ, ਅਤਿ ਫੀਕੇ ਲੋਭ ਬਿਕਾਰੇ ॥ ਜੋ ਗੁਰਮੁਖਿ ਸਾਦ ਚਖਹਿ ਰਾਮ ਨਾਮਾ, ਸਭ ਅਨ ਰਸ ਸਾਦ ਬਿਸਾਰੇ ॥੫॥ ਗੁਰਮਤਿ ਰਾਮ ਨਾਮੁ ਧਨੁ ਪਾਇਆ, ਸੁਣਿ ਕਹਤਿਆ ਪਾਪ ਨਿਵਾਰੇ ॥ ਧਰਮਰਾਇ ਜਮੁ ਨੇੜਿ ਨ ਆਵੈ, ਮੇਰੇ ਠਾਕੁਰ ਕੇ ਜਨ ਪਿਆਰੇ ॥੬॥ (ਹੇ ਭਾਈ! ਮਨਮੁਖ ਦੀ) ਜੀਭ ਕਿਸੇ ਦੂਜੇ ਦੇ ਪਿਆਰ ਵਿਚ ਸੁਆਦ ਚੱਖਦੀ (ਮਾਣਦੀ) ਹੈ, (ਉਹ ਮਨਮੁਖ) ਲੋਭ ਆਦਿਕ ਬਹੁਤ ਫਿੱਕੇ ਵਿਕਾਰਾਂ ਵਿਚ ਫਸ ਜਾਂਦਾ ਹੈ।ਜੋ ਗੁਰਮੁਖ ਪ੍ਰਭੂ ਦੇ ਨਾਮ ਦਾ ਸੁਆਦ ਚੱਖਦੇ ਹਨ, (ਉਹ) ਹੋਰ ਰਸਾਂ ਦੇ ਸੁਆਦ ਭੁਲਾ ਦੇਂਦਾ ਹੈ।੫।(ਜਿਨ੍ਹਾਂ ਮਨੁੱਖਾਂ ਨੇ) ਗੁਰੂ ਦੀ ਸਿੱਖਿਆ ਦੁਆਰਾ ਪ੍ਰਭੂ ਦਾ ਨਾਮ ਰੂਪ ਧਨ ਪਾਇਆ ਹੈ, (ਉਨ੍ਹਾਂ ਨੇ ਨਾਮ) ਸੁਣ ਕੇ ਅਤੇ ਕਹਿੰਦਿਆਂ ਪਾਪ ਦੂਰ ਕਰ ਲਏ ਹਨ।(ਅਜੇਹੇ) ਮਨੁੱਖ ਮੇਰੇ ਪ੍ਰਭੂ ਦੇ ਪਿਆਰੇ ਹੁੰਦੇ ਹਨ, (ਇਸ ਲਈ) ਧਰਮਰਾਜ ਦਾ ਜਮਦੂਤ (ਉਨ੍ਹਾਂ ਦੇ) ਨੇੜੇ ਨਹੀਂ ਆਉਂਦਾ।੬।

ਅੰਗ ੯੮੧ = ਸਾਸ ਸਾਸ ਸਾਸ ਹੈ ਜੇਤੇ, ਮੈ ਗੁਰਮਤਿ ਨਾਮੁ ਸਮ੍ਾਰੇ ॥ ਸਾਸੁ ਸਾਸੁ ਜਾਇ ਨਾਮੈ ਬਿਨੁ ,ਸੋ ਬਿਰਥਾ ਸਾਸੁ ਬਿਕਾਰੇ ॥੭॥ ਕ੍ਰਿਪਾ ਕ੍ਰਿਪਾ ਕਰਿ ਦੀਨ ਪ੍ਰਭ ਸਰਨੀ, ਮੋ ਕਉ ਹਰਿ ਜਨ ਮੇਲਿ ਪਿਆਰੇ ॥ ਨਾਨਕ ਦਾਸਨਿ ਦਾਸੁ ਕਹਤੁ ਹੈ, ਹਮ ਦਾਸਨ ਕੇ ਪਨਿਹਾਰੇ ॥੮॥੧॥ (ਹੇ ਭਾਈ! ਮੇਰੇ ਜੀਵਨ ਦੇ) ਜਿੰਨੇ ਵੀ ਸੁਆਸ ਹਨ, ਮੈਂ ਉਨ੍ਹਾਂ ਸੁਆਸਾਂ ਨਾਲ ਗੁਰੂ ਦੀ ਸਿੱਖਿਆ ਦੁਆਰਾ ਪ੍ਰਭੂ ਦਾ ਨਾਮ ਸਿਮਰਦਾ ਹਾਂ।ਨਾਮ ਤੋਂ ਬਿਨਾ (ਜਿਹੜਾ) ਸੁਆਸ ਅੰਦਰ ਜਾਂਦਾ ਹੈ (ਤੇ ਬਾਹਰ ਆਉਂਦਾ ਹੈ), ਉਹ ਸੁਆਸ ਬਿਰਥਾ ਜਾਂਦਾ ਹੈ ਤੇ ਨਿਕੰਮਾ ਜਾਂਦਾ ਹੈ।੭।ਹੇ ਪ੍ਰਭੂ! (ਮੇਰੇ ਉਤੇ) ਕ੍ਰਿਪਾ ਕਰ, ਮੈਂ ਗਰੀਬ ਤੇਰੀ ਸਰਨ ਵਿਚ ਆਇਆ ਹਾਂ, ਮੈਨੂੰ ਅਪਣੇ

ਪਿਆਰੇ ਹਰੀ ਜਨ ਮਿਲਾ ਦੇ। ਦਾਸਾਂ ਦਾ ਦਾਸ ਨਾਨਕ ਆਖਦਾ ਹੈ ਕਿ ਅਸੀਂ ਤੇਰੇ ਦਾਸਾਂ ਦੇ ਪਾਣੀ ਢੋਣ ਵਾਲੇ ਸੇਵਕ ਹਾਂ।੮।੧।

ਪਦਾਰਥ = ਰਸਨਾ ਚਖੈ-ਜੀਭ ਚਖਦੀ ਹੈ। ਸਾਦ-ਸੁਆਦ। ਭਾਇ ਦੂਜੈ-ਕਿਸੇ ਦੂਜੇ ਦੇ ਪਿਆਰ ਵਿਚ। ਅਤਿ-ਬਹੁਤ। ਫੀਕੇ-ਬੇ ਸੁਆਦੇ। ਬਿਕਾਰ-ਵਿਕਾਰਾਂ ਵਿਚ; ਬਿਅਰਥ। ਅਨ ਰਸ-ਹੋਰ ਰਸਾਂ ਦੇ। ਬਿਸਾਰੇ-ਭੁਲਾ ਦੇਂਦਾ ਹੈ।੫। ਗੁਰਮਤਿ-ਗੁਰੂ ਦੀ ਸਿੱਖਿਆ ਦੁਆਰਾ। ਨਿਵਾਰੇ-ਦੂਰ ਕਰ ਲਏ ਹਨ। ਠਾਕੁਰ ਕੇ-ਪ੍ਰਭੂ ਦੇ। ਜਨ-ਮਨੁੱਖ; ਦਾਸ।੬। ਜੇਤੇ-ਜਿਤਨੇ ਵੀ। ਸਮ੍ਾਰੇ-ਸਿਮਰਦਾ ਹਾਂ। ਸੋ-ਉਹ। ਬਿਕਾਰੇ-ਬੇਕਾਰ; ਨਿਕੰਮਾ।੭। ਦੀਨ-ਗਰੀਬ। ਸਰਨੀ-ਸ਼ਰਨ ਵਿਚ। ਮੋ ਕਉ-ਮੈਨੂੰ। ਹਰਿ ਜਨ-ਹਰੀ ਦੇ ਸੇਵਕ। ਦਾਸਨਿ ਦਾਸ -ਦਾਸਾਂ ਦਾ ਦਾਸ। ਹਮ-ਅਸੀਂ (ਮੈਂ)। ਦਾਸਨ ਕੇ-ਦਾਸਾਂ ਦੇ। ਪਨਿਹਾਰੇ-ਪਾਣੀ ਧੋਣ ਵਾਲਾ ਸੇਵਕ।੮।੧।

ਨਟ ਮਹਲਾ ੪ ॥ ਰਾਮ, ਹਮ ਪਾਥਰ ਨਿਰਗੁਨੀਆਰੇ ॥ ਕ੍ਰਿਪਾ ਕ੍ਰਿਪਾ ਕਰਿ ਗੁਰੂ ਮਿਲਾਏ, ਹਮ ਪਾਹਨ ਸਬਦਿ ਗੁਰ ਤਾਰੇ ॥੧॥ ਰਹਾਉ॥ ਸਤਿਗੁਰ ਨਾਮੁ ਦ੍ਰਿੜਾਏ ਅਤਿ ਮੀਠਾ, ਮੈਲਾਗਰੁ ਮਲਗਾਰੇ ॥ ਨਾਮੈ ਸੁਰਤਿ ਵਜੀ ਹੈ ਦਹ ਦਿਸਿ, ਹਰਿ ਮੁਸਕੀ ਮੁਸਕ ਗੰਧਾਰੇ ॥੧॥ ਤੇਰੀ ਨਿਰਗੁਣ ਕਥਾ ਕਥਾ ਹੈ ਮੀਠੀ, ਗੁਰਿ ਨੀਕੇ ਬਚਨ ਸਮਾਰੇ ॥ ਗਾਵਤ ਗਾਵਤ ਹਰਿ ਗੁਨ ਗਾਏ, ਗੁਨ ਗਾਵਤ ਗੁਰਿ ਨਿਸਤਾਰੇ ॥੨॥ ਬਿਬੇਕ ਗੁਰੂ ਗੁਰੂ ਸਮ ਦਰਸੀ, ਤਿਸੁ ਮਿਲੀਐ ਸੰਕ ਉਤਾਰੇ ॥ ਸਤਿਗੁਰ ਮਿਲਿਐ ਪਰਮ ਪਦੁ ਪਾਇਆ, ਹਉ ਸਤਿਗੁਰ ਕੈ ਬਲਿਹਾਰੇ ॥੩॥ ਪਾਖੰਡ ਪਾਖੰਡ ਕਰਿ ਕਰਿ ਭਰਮੇ, ਲੋਭੁ ਪਾਖੰਡੁ ਜਗਿ ਬੁਰਿਆਰੇ ॥ ਹਲਤਿ ਪਲਤਿ ਦੁਖ ਦਾਈ ਹੋਵਹਿ, ਜਮਕਾਲੁ ਖੜਾ ਸਿਰਿ ਮਾਰੇ ॥੪॥ ਹੇ ਰਾਮ! ਅਸੀਂ ਜੀਵ ਪੱਥਰ ਵਾਂਗ ਕਠੋਰ ਚਿੱਤ ਵਾਲੇ ਅਤੇ ਗੁਣ ਹੀਣ ਸਾਂ। (ਤੁਸੀਂ) ਕ੍ਰਿਪਾ ਕਰਕੇ ਸਾਨੂੰ ਗੁਰੂ ਮਿਲਾ ਦਿਤਾ, ਸਾਨੂੰ ਪੱਥਰ ਵਾਂਗ ਕਠੋਰ ਚਿਤ ਵਾਲੇ ਪਾਪੀ ਮਨੁੱਖਾਂ ਨੂੰ ਗੁਰੂ ਦੇ ਸ਼ਬਦ ਦੁਆਰਾ (ਭਵਜਲ ਤੋਂ) ਤਾਰ ਦਿਤਾ ਹੈ।੧। ਰਹਾਉ। ਸਤਿਗੁਰੂ (ਮਨੁੱਖ ਦੇ ਹਿਰਦੇ ਵਿਚ) ਪ੍ਰਭੂ ਦਾ ਨਾਮ ਦ੍ਰਿੜ ਕਰਾ ਦੇਂਦਾ ਹੈ, ਜੋ ਬਹੁਤ ਮਿੱਠਾ ਅਤੇ ਚੰਦਨ ਦਾ ਵੀ ਚੰਦਨ (ਬਹੁਤ ਠੰਢਾ ਅਤੇ ਸੁਗੰਧਤ) ਹੈ। ਨਾਮ ਦੀ ਬਰਕਤ ਨਾਲ ਦਸਾਂ ਦਿਸ਼ਾਵਾਂ ਵਿਚ (ਮਨੁੱਖ ਨੂੰ ਇਹ) ਸੋਝੀ ਪ੍ਰਗਟ ਹੋ ਜਾਂਦੀ ਹੈ ਕਿ ਸੁਗੰਧੀ ਵਾਲੇ ਹਰੀ ਦੀ ਸੁਗੰਧ ਸਭ ਥਾਂ ਪਸਰੀ ਹੋਈ ਹੈ (ਨਾਮ ਜਪਣ ਵਾਲੇ ਮਨੁੱਖ ਦੀ ਸੁਰਤ ਵਿਚ ਹਰ ਪਾਸੇ ਪ੍ਰਭੂ ਰੂਪ ਸੁਗੰਧੀ ਦਾ ਅਨੁਭਵ ਹੁੰਦਾ ਹੈ)।੧। ਹੇ ਪ੍ਰਭੂ! ਤਿੰਨ ਗੁਣਾਂ ਤੋਂ ਉਚਾ ਲੈ ਜਾਣ ਵਾਲੀ ਤੇਰੀ ਕਥਾ ਮਿੱਠੀ ਲਗਦੀ ਹੈ, ਗੁਰੂ ਰਾਹੀਂ (ਮਨੁੱਖ ਤੇਰੀ ਸਿਫਤ ਸਲਾਹ ਦੀ ਕਥਾ ਦੇ) ਸੁੰਦਰ ਬਚਨ ਸੰਭਾਲ ਸਕਦਾ ਹੈ। (ਜਿਨ੍ਹਾਂ ਪੁਰਖਾਂ ਨੇ) ਗਾਉਂਦਿਆਂ ਗਾਉਂਦਿਆਂ ਹਰੀ ਦੇ ਗੁਣ ਗਾਏ ਹਨ, ਗੁਣ ਗਾਉਂਦਿਆਂ ਗੁਰੂ ਨੇ (ਉਹ ਭਵਜਲ ਤੋਂ) ਤਾਰ ਦਿਤੇ ਹਨ।੨। (ਹੇ ਭਾਈ!) ਗੁਰੂ ਵਿਚਾਰਵਾਨ ਹੈ, ਗੁਰੂ ਸਭ ਨੂੰ ਇਕੋ ਜਿਹਾ ਦੇਖਣ ਵਾਲਾ ਹੈ, ਉਸ ਨੂੰ ਸ਼ੰਕਾ ਉਤਰ ਕੇ ਮਿਲਣਾ ਚਾਹੀਦਾ ਹੈ। ਸਤਿਗੁਰੂ ਦੇ ਮਿਲਣ ਕਰਕੇ ਮੈਂ ਪਰਮਪਦ ਪਾਇਆ ਹੈ, ਮੈਂ ਸਤਿਗੁਰੂ ਦੇ ਬਲਿਹਾਰ ਜਾਂਦਾ ਹਾਂ।੩। (ਕਈ ਮਨੁੱਖ) ਪਖੰਡ ਉਪਰ ਪਖੰਡ ਕਰ ਕਰਕੇ (ਬਹੁਤੀਆਂ ਜੂਨਾਂ ਵਿਚ) ਭਟਕਦੇ ਫਿਰਦੇ ਹਨ, ਲੋਭ ਤੇ ਪਖੰਡ ਜਗਤ ਵਿਚ ਬਹੁਤ ਬੁਰੇ ਹਨ। (ਲੋਭ ਤੇ ਪਖੰਡ) ਇਸ ਲੋਕ ਵਿਚ ਤੇ ਪ੍ਰਲੋਕ ਵਿਚ ਦੁਖਦਾਈ ਹੁੰਦੇ ਹਨ, (ਇਨ੍ਹਾਂ ਵਿਕਾਰਾਂ ਦੇ ਕਾਰਣ) ਕਾਲ ਕਰਨ ਵਾਲਾ ਜਮ (ਜੀਵ ਦੇ) ਸਿਰ ਉਤੇ ਖੜਾ (ਮੌਤ ਰੂਪ ਚੋਟਾਂ) ਮਾਰਦਾ ਹੈ।੪।

ਪਦਾਰਥ = ਰਾਮ-ਹੇ ਪ੍ਰਭੂ!। ਹਮ-ਅਸੀਂ (ਸੰਸਾਰੀ ਜੀਵ)। ਪਾਥਰ-ਪੱਥਰ ਵਾਂਗ ਕਠੋਰ ਚਿੱਤ (ਜੜ੍ਹ ਬੁੱਧੀ) ਵਾਲੇ। ਨਿਰਗੁਨੀਆਰੇ-ਗੁਣ ਹੀਣ। ਮਿਲਾਏ-ਮਿਲਾ ਦਿਤਾ। ਹਮ ਪਾਹਨ-ਸਾਨੂੰ ਪੱਥਰ ਚਿੱਤ ਵਾਲੇ ਜੀਵਾਂ ਨੂੰ। ਸਬਦਿ ਗੁਰ-ਗੁਰੂ ਦੇ ਸ਼ਬਦ ਰਾਹੀਂ। ਤਾਰੇ-ਤਾਰ ਦਿਤਾ।੧। ਰਹਾਉ। ਦ੍ਰਿੜਾਏ-ਹਿਰਦੇ ਵਿਚ ਪੱਕੀ ਤਰ੍ਹਾਂ ਬਿਠਾ ਦੇਂਦਾ ਹੈ। ਅਤਿ-ਬਹੁਤ। ਮੈਲਾਗਰ ਮਲਗਾਰੇ-ਚੰਦਨ ਦਾ ਚੰਦਨ (ਚੰਦਨ ਤੋਂ ਵੀ ਜਿਆਦਾ ਸੁਗੰਧਤ)। ਨਾਮੈ-ਨਾਮ ਦੀ ਬਰਕਤ ਨਾਲ। ਸੁਰਤਿ ਵਜੀ ਹੈ-ਸੋਝੀ ਪ੍ਰਗਟ ਹੁੰਦੀ ਹੈ। ਦਹਦਿਸਿ-ਦਸਾਂ ਦਿਸ਼ਾਂਵਾਂ ਦੀ। ਮੁਸਕ-ਸੁਗੰਧੀ। ਮੁਸਕੀ-ਫੈਲ ਰਹੀ ਹੈ। ਹਰਿ ਗੰਧਾਰੇ-ਸੁਗੰਧੀ ਵਾਲੇ ਹਰੀ ਦੀ।੧। ਨਿਰਗੁਣ-ਮਾਇਆ ਦੇ ਤਿੰਨ ਗੁਣਾਂ ਤੋਂ ਉਚਾ ਲੈ ਜਾਣ ਵਾਲੀ। ਗੁਰਿ-ਗੁਰੂ ਰਾਹੀਂ; ਗੁਰੂ ਨੇ। ਨੀਕੇ-ਸੁੰਦਰ; ਉਤਮ। ਸਮਾਰੇ-ਸੰਭਾਲਦਾ ਹੈ। ਗਾਏ-ਗਾਉਂਦਾ ਹੈ। ਨਿਸਤਾਰੇ -ਤਾਰ ਦਿਤੇ।੨। ਬਿਬੇਕੁ-ਵਿਚਾਰਵਾਨ (ਚੰਗੇ ਮੰਦੇ ਦੀ ਪਰਖ ਕਰਨ ਵਾਲਾ)। ਸਮਦਰਸੀ-ਸਭ ਨੂੰ ਇਕੋ ਜਿਹਾ ਦੇਖਣ ਵਾਲਾ। ਤਿਸੁ-ਉਸ ਨੂੰ। ਮਿਲਿਐ-ਮਿਲਣਾ ਚਾਹੀਦਾ ਹੈ। ਸੰਕ-ਸ਼ੰਕਾ। ਉਤਾਰੇ-ਉਤਾਰ ਕੇ। ਮਿਲਿਐ-ਮਿਲਣ ਕਰਕੇ। ਪਰਮ ਪਦੁ-ਸਭ ਤੋਂ ਉਚੀ ਪਦਵੀ; ਮੁਕਤੀ। ਹਉ-ਮੈਂ। ਬਲਿਹਾਰੇ-ਕੁਰਬਾਨ ਹਾਂ।੩। ਪਾਖੰਡ-ਧਾਰਮਕ ਦਿਖਾਵਾ। ਕਰਿ ਕਰਿ-ਬਾਰ ਬਾਰ ਕਰਕੇ। ਭਰਮੇ-ਭਟਕਦੇ ਫਿਰਦੇ ਹਨ। ਜਗਿ-ਜਗਤ ਵਿਚ। ਬੁਰਿਆਰੇ-ਬਹੁਤ ਬੁਰੇ ਹਨ। ਹਲਤਿ-ਇਸ ਲੋਕ ਵਿਚ। ਪਲਤਿ-ਪ੍ਰਲੋਕ ਵਿਚ। ਹੋਵਹਿ-ਹੁੰਦੇ ਹਨ। ਜਮ ਕਾਲੁ-ਕਾਲ ਕਰਨ ਵਾਲਾ ਜਮ। ਸਿਰਿ-ਸਿਰ ਉਤੇ। ਮਾਰੇ-ਮਾਰਦਾ ਹੈ।੪।

ਸਾਰੰਸ਼ = ਗੁਰੂ ਹੀ ਨਾਮ ਦ੍ਰਿੜਾ ਸਕਦਾ ਹੈ, ਜੋ ਮਿੱਠਾ ਸੁਗੰਧਤ ਅਤੇ ਚਾਨਣਾ ਦੇਣ ਵਾਲਾ ਹੈ। ਜਿਹੜੇ ਉਸ ਦੇ ਗੁਣ ਗਾਉਂਦੇ ਹਨ, ਉਹ ਤਾਂ ਤਰ ਜਾਂਦੇ ਹਨ, ਪਰ ਜਿਹੜੇ ਪਖੰਡ ਕਰਕੇ ਦੂਰ ਦੂਰ ਟੱਕਰਾਂ ਮਾਰਦੇ ਰਹਿੰਦੇ ਹਨ, ਉਹ ਅਪਣਾ ਅੱਗਾ ਪਿੱਛਾ ਵਿਗਾੜ

ਲੈਂਦੇ ਹਨ। ਇਥੇ ਨਿਕੰਮੇ ਧੰਧਿਆਂ ਵਿਚ ਸਮਾਂ ਗੁਆਉਂਦੇ ਹਨ ਅਤੇ ਪਾਪ ਕਰ ਕਰਕੇ ਜੀਵਨ ਮਨੋਰਥ ਤੋਂ ਪਛੜ ਜਾਂਦੇ ਹਨ। ਗੁਰੂ ਦੇ ਸ਼ਬਦ ਦੀ ਵਿਚਾਰ ਕਰਨ ਨਾਲ ਹੀ ਫਿਰ ਮੁੜ ਕੇ ਹਰੀ ਦੀ ਰਜ਼ਾ ਵਿਚ ਨੱਥੇ ਜਾ ਸਕਦੇ ਹਨ। (ਸ਼ਬਦਾਰਥ)

ਉਗਵੈ ਦਿਨਸੁ ਆਲੁ ਜਾਲੁ ਸਮ੍ਾਲੈ, ਬਿਖੁ ਮਾਇਆ ਕੇ ਬਿਸਥਾਰੇ ॥ ਆਈ ਰੈਨਿ ਭਇਆ ਸੁਪਨੰਤਰੁ ,ਬਿਖੁ ਸੁਪਨੈ ਭੀ ਦੁਖ ਸਾਰੇ ।੫॥ ਕਲਰੁ ਖੇਤੁ ਲੈ ਕੂੜੁ ਜਮਾਇਆ, ਸਭ ਕੂੜੈ ਕੇ ਖਲਵਾਰੇ ॥ ਸਾਕਤ ਨਰ ਸਭਿ ਭੂਖ ਭੁਖਾਨੇ, ਦਰਿ ਠਾਢੇ ਜਮ ਜੰਦਾਰੇ ॥੬॥ ਮਨਮੁਖ ਕਰਜੁ ਚੜਿਆ ਬਿਖੁ ਭਾਰੀ, ਉਤਰੈ ਸਬਦੁ ਵੀਚਾਰੇ ॥ ਜਿਤਨੇ ਕਰਜ ਕਰਜ ਕੇ ਮੰਗੀਏ, ਕਰਿ ਸੇਵਕ ਪਗਿ ਲਗਿ ਵਾਰੇ ॥੭॥ ਜਗੰਨਾਥ ਸਭਿ ਜੰਤ੍ਰ ਉਪਾਏ, ਨਕਿ ਖੀਨੀ ਸਭ ਨਥਹਾਰੇ ॥ ਨਾਨਕ ਪ੍ਰਭੁ ਖਿੰਚੈ ਤਿਵ ਚਲੀਐ, ਜਿਉ ਭਾਵੈ ਰਾਮ ਪਿਆਰੇ ॥੮॥੨॥ (ਜਦੋਂ) ਦਿਨ ਚੜ੍ਹਦਾ ਹੈ, ਤਾਂ (ਮਨੁੱਖ ਅਪਣੇ) ਘਰ ਦਾ ਕੰਮ ਧੰਧਾ ਸੰਭਾਲਦਾ ਹੈ, (ਇਹ ਸਭ) ਬਿਖ ਰੂਪ ਮਾਇਆ ਦੇ ਹੀ ਖਿਲਾਰੇ ਹਨ। (ਜਦੋਂ) ਰਾਤ ਆਈ ਤਾਂ (ਦਿਨ ਵਿਚ ਕੀਤੇ ਧੰਧਿਆਂ ਅਨੁਸਾਰ ਮਨੁੱਖ) ਸੁਪਨੇ ਅੰਦਰ ਗਲਤਾਨ ਹੋ ਗਿਆ, ਸੁਪਨੇ ਵਿਚ ਵੀ ਬਿਖ ਰੂਪ ਮਾਇਆ ਅਤੇ ਦੁਖ ਹੀ ਸੰਭਾਲਦਾ ਹੈ।੫। (ਮਨਮੁਖ ਦਾ ਹਿਰਦਾ) ਕਲਰ ਖੇਤ ਵਰਗਾ ਹੈ, (ਇਸ ਵਿਚ ਨਾਮ ਦਾ ਬੀਜ ਉਗ ਨਹੀਂ ਸਕਦਾ, ਮਨਮੁਖ ਨੇ ਉਸ ਖੇਤ ਵਿਚ) ਝੂਠ ਰੂਪ ਬੀਜ ਲੈ ਕੇ ਬੀਜਿਆ ਹੈ (ਸਾਰੀ ਉਮਰ ਨਾਸ਼ਵੰਤ ਕਰਮ ਕਰਦਾ ਰਿਹਾ ਹੈ, ਇਸ ਕਰਕੇ) ਸਭ ਕੂੜ ਦੇ ਹੀ ਖਲਵਾੜੇ ਹਨ (ਝੂਠ ਨੂੰ ਹੀ ਗਾਹੁੰਦਾ ਰਿਹਾ ਹੈ, ਕੋਈ ਫਲ ਨਹੀਂ ਮਿਲਦਾ)। ਸਾਰੇ ਸਾਕਤ ਮਨੁੱਖ ਭੁੱਖ ਦੇ ਮਾਰੇ ਭੁੱਖੇ ਹੀ ਰਹਿੰਦੇ ਹਨ, (ਉਨ੍ਹਾਂ ਦੇ) ਦਰ ਉਤੇ ਜਲਾਦ ਜਮ (ਮੌਤ ਰੂਪ ਡੰਡਾ ਲੈ ਕੇ) ਖੜ੍ਹੇ ਰਹਿੰਦੇ ਹਨ।੬। ਮਨਮੁਖਾਂ ਦੇ ਸਿਰ ਤੇ ਵਿਸ਼ੇ ਵਿਕਾਰਾਂ ਦਾ ਭਾਰੀ ਕਰਜਾ ਚੜ੍ਹਿਆ ਰਹਿੰਦਾ ਹੈ, (ਇਹ ਕਰਜਾ) ਗੁਰੂ ਦੇ ਸ਼ਬਦ ਨੂੰ ਵਿਚਾਰ ਕੇ ਉਤਰ ਸਕਦਾ ਹੈ। ਜਿਤਨੇ ਕਰਜੇ ਹਨ ਅਤੇ ਕਰਜੇ ਦੇ ਮੰਗਣ ਵਾਲੇ ਜਮਦੂਤ ਸਨ, (ਉਹ ਗੁਰੂ ਦਾ ਸ਼ਬਦ ਵਿਚਾਰਨ ਵਾਲੇ ਗੁਰਮੁਖਾਂ ਦੇ) ਪੈਰੀਂ ਲਗਣ ਵਾਲੇ ਸੇਵਕ ਕਰ (ਬਣਾ) ਦਿਤੇ ਹਨ।੭। ਜਗਤ ਦੇ ਮਾਲਕ ਪ੍ਰਭੂ ਨੇ ਸਾਰੇ ਜੀਵ ਪੈਦਾ ਕੀਤੇ ਹਨ, (ਉਹ ਜੀਵ ਪ੍ਰਭੂ ਨੇ) ਨੱਕ ਫਾੜ ਕੇ ਨੱਥਾਂ ਵਾਲੇ (ਸਾਰੇ ਅਧੀਨ) ਕੀਤੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ (ਜਿਵੇਂ ਜੀਵਾਂ ਦੀ ਨੱਥ) ਖਿੱਚਦਾ ਹੈ ਅਤੇ ਜਿਵੇਂ ਪਿਆਰੇ ਪ੍ਰਭੂ ਨੂੰ ਚੰਗਾ ਲਗਦਾ ਹੈ, (ਜੀਵਾਂ ਨੂੰ) ਉਸੇ ਤਰ੍ਹਾਂ ਚਲਣਾ ਪੈਂਦਾ ਹੈ।੮।੨।

ਪਦਾਰਥ = ਉਗਵੈ–ਚੜ੍ਹਦਾ ਹੈ। ਆਲੁ–ਘਰ। ਜਾਲੁ–ਕੰਮ ਧੰਧਾ। ਸਮ੍ਾਲੈ–ਸੰਭਾਲਦਾ ਹੈ। ਬਿਖੁ–ਜਹਿਰ। ਬਿਸਥਾਰੇ–ਖਿਲਾਰੇ। ਰੈਨਿ–ਰਾਤ। ਭਇਆ–ਹੋਇਆ। ਸੁਪਨੰਤਰੁ–ਸੁਪਨੇ ਅੰਦਰ ਗਲਤਾਨ। ਸੁਪਨੈ ਭੀ–ਸੁਪਨੇ ਵਿਚ ਵੀ। ਸਾਰੇ–ਸੰਭਾਲਦਾ ਹੈ।੫। ਕਲਰੁ ਖੇਤੁ–ਉਹ ਖੇਤ, ਜਿਸ ਵਿਚ ਕੱਲਰ ਦੇ ਕਾਰਨ ਬੀਜ ਨਹੀਂ ਉਗਦਾ (ਉਹ ਹਿਰਦਾ ਜਿਸ ਵਿਚ ਨਾਮ ਨਹੀਂ ਵਸਦਾ)। ਕੂੜੁ–ਝੂਠ। ਜਮਾਇਆ–ਬੀਜਿਆ। ਖਲਵਾਰੇ–ਪਿੜ (ਖਲਵਾੜਾ, ਜਿਸ ਵਿਚ ਫਸਲ ਗਾਹੀ ਜਾਂਦੀ ਹੈ)। ਸਾਕਤ ਨਰ–ਪ੍ਰਭੂ ਨਾਲੋਂ ਟੁੱਟੇ ਮਨੁੱਖ। ਭੂਖ ਭੁਖਾਨੇ–ਭੁੱਖ ਦੇ ਮਾਰੇ ਭੁੱਖੇ ਮਨੁੱਖ। ਜਮ ਦਰਿ–ਜਮ ਦੇ ਦਰ ਉਤੇ। ਠਾਢੇ–ਖੜ੍ਹੇ ਹਨ। ਜੰਦਾਰੇ–ਖੱਲ ਉਤਾਰਨ ਵਾਲਾ ਜਲਾਦ।੬। ਮਨਮੁਖ–ਮਨ ਦੇ ਅਨੁਸਾਰ ਚੱਲਣ ਵਾਲੇ ਮਨੁੱਖ। ਬਿਖੁ ਕਰਜ–ਵਿਸ਼ੇ ਵਿਕਾਰਾਂ ਦਾ ਕਰਜਾ। ਵੀਚਾਰੇ–ਵਿਚਾਰ ਕੇ। ਮੰਗੀਏ–ਮੰਗਣ ਵਾਲੇ। ਕਰਿ–ਕਰ (ਬਣਾ) ਕੇ। ਪਗਿ–ਪੈਰਾਂ ਵਿਚ। ਲਗਿ ਵਾਰੇ–ਲੱਗਣ ਵਾਲੇ।੭। ਜਗੰਨਾਥ–ਜਗਤ ਦਾ ਮਾਲਕ। ਜੰਤ੍ਰ–ਜੀਵ। ਉਪਾਏ–ਪੈਦਾ ਕੀਤੇ ਹਨ। ਨਕਿ ਖੀਨੀ–ਨੱਕ ਪਾੜ ਕੇ। ਨਥਹਾਰੇ–ਨੱਥਾਂ ਵਾਲੇ। ਖਿੰਚੈ–ਖਿੱਚਦਾ ਹੈ। ਤਿਵ–ਉਸੇ ਤਰ੍ਹਾਂ। ਭਾਵੈ–ਚੰਗਾ ਲਗਦਾ ਹੈ।੮।੨।

ਨਟ ਮਹਲਾ ੪ ॥ ਰਾਮ, ਹਰਿ ਅੰਮ੍ਰਿਤ ਸਰਿ ਨਾਵਾਰੇ ॥ ਸਤਿਗੁਰਿ ਗਿਆਨੁ ਮਜਨੁ ਹੈ ਨੀਕੋ, ਮਿਲਿ ਕਲਮਲ ਪਾਪ ਉਤਾਰੇ ॥੧॥ ਰਹਾਉ॥ ਸੰਗਤਿ ਕਾ ਗੁਨੁ ਬਹੁਤੁ ਅਧਿਕਾਈ, ਪੜਿ ਸੂਆ ਗਨਕ ਉਧਾਰੇ ॥ ਪਰਸਨ ਪਰਸ ਭਏ ਕੁਬਿਜਾ ਕਉ ,ਲੈ ਬੈਕੁੰਠਿ ਸਿਧਾਰੇ ॥੧॥ ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ, ਕਰਿ ਨਾਰਾਇਣ ਬੋਲਾਰੇ ॥ ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ, ਜਮ ਕੰਕਰ ਮਾਰਿ ਬਿਦਾਰੇ ॥੨॥ ਮਨੁਖੁ ਕਥੈ ਕਥਿ ਲੋਕ ਸੁਨਾਵੈ, ਜੋ ਬੋਲੈ ਸੋ ਨ ਬੀਚਾਰੇ ॥ ਸਤਸੰਗਤਿ ਮਿਲੈ ਤ ਦਿੜਤਾ ਆਵੈ, ਹਰਿ ਰਾਮ ਨਾਮਿ ਨਿਸਤਾਰੇ ॥੩॥ ਜਬ ਲਗੁ ਜੀਉ ਪਿੰਡੁ ਹੈ ਸਾਬਤੁ ,ਤਬ ਲਗਿ ਕਿਛੁ ਨ ਸਮਾਰੇ ॥ ਜਬ ਘਰ ਮੰਦਰਿ ਆਗਿ ਲਗਾਨੀ, ਕਢਿ ਕੂਪੁ ਕਢੈ ਪਨਿਹਾਰੇ ॥੪॥ ਹੇ ਭਾਈ! (ਜਿਸ ਮਨੁੱਖ ਨੂੰ) ਹਰੀ ਨੇ ਨਾਮ ਦੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਾਇਆ ਹੈ। (ਉਸ ਨੇ ਜੋ) ਸਤਗੁਰੂ ਰਾਹੀਂ ਗਿਆਨ ਪ੍ਰਾਪਤ ਕੀਤਾ ਹੈ, (ਇਹੋ ਹੀ ਉਸ ਦਾ) ਉਤਮ ਇਸ਼ਨਾਨ ਹੈ, (ਉਸ ਨੇ ਗੁਰੂ ਨੂੰ) ਮਿਲ ਕੇ ਅਪਣੇ ਛੋਟੇ ਪਾਪ ਤੇ ਵੱਡੇ ਪਾਪ ਉਤਾਰ ਲਏ ਹਨ।੧। ਰਹਾਉ। (ਹੇ ਭਾਈ!) ਸੰਗਤ ਵਿਚ ਜਾਣ ਦਾ ਬਹੁਤ ਜਿਆਦਾ ਲਾਭ ਹੁੰਦਾ ਹੈ, (ਜਿਵੇਂ ਇਕ ਸੰਤ ਵੱਲੋਂ ਦਿਤੇ) ਤੋਤੇ ਪਾਸੋਂ ਪ੍ਰਭੂ ਦਾ ਨਾਮ ਪੜ੍ਹ ਪੜ੍ਹ ਕੇ ਗਨਕਾ ਦਾ ਉਧਾਰ ਹੋ ਗਿਆ ਸੀ। (ਕ੍ਰਿਸ਼ਨ ਜੀ ਨੇ) ਪ੍ਰਸੰਨ ਹੋ ਕੇ ਕੁਬਜਾ ਨੂੰ ਅਪਣੇ ਚਰਨਾਂ ਦੀ ਛੋਹ ਦਿਤੀ, (ਉਹ ਛੋਹ ਕੁਬਜਾ ਨੂੰ) ਬੈਕੁੰਠ ਵਿਚ ਲੈ ਗਈ।੧। ਅਜਾਮਲ ਨੇ ਅਪਣੇ ਪੁਤ੍ਰ ਨਰਾਇਣ ਨਾਲ ਪ੍ਰੀਤੀ ਕੀਤੀ ਅਤੇ (ਅੰਤ ਸਮੇਂ ਉਹ ਅਪਣੇ ਪੁਤ੍ਰ ਦਾ ਨਾਮ) ਨਰਾਇਣ ਉਚਾਰ ਕਰਕੇ ਬੁਲਾਉਂਦਾ ਰਿਹਾ। (ਇਉਂ ਬੋਲਦੇ ਬੋਲਦੇ

ਦੀ ਅਜਾਮਲ ਦੀ ਬਿਰਤੀ ਸੱਚੇ ਨਰਾਇਣ ਨਾਲ ਜੁੜ ਗਈ। ਜਿਸ ਕਰਕੇ) ਮੇਰੇ ਮਾਲਕ ਪ੍ਰਭੂ ਦੇ ਮਨ ਵਿਚ (ਅਜਾਮਲ ਦੀ) ਸ਼ਰਧਾ ਚੰਗੀ ਲਗੀ, (ਪ੍ਰਭੂ ਨੇ ਅਜਾਮਲ ਨੂੰ ਲੈਣ ਆਏ) ਜਮਾਂ ਦੇ ਦਾਸ ਮਾਰ ਕੇ ਨਾਸ਼ ਕਰ ਦਿਤੇ (ਅਤੇ ਅਜਾਮਲ ਨੂੰ ਮੁਕਤ ਕਰ ਦਿਤਾ)। ੨। ਮਨੁੱਖ ਜੋ ਕੁਛ ਬੋਲਦਾ ਹੈ ਤੇ ਬੋਲ ਕੇ ਲੋਕਾਂ ਨੂੰ ਸੁਣਾਉਂਦਾ ਹੈ, (ਪਰ) ਜੋ ਕੁਛ ਬੋਲਦਾ ਹੈ, ਉਸ ਨੂੰ ਆਪ ਨਹੀਂ ਵਿਚਾਰਦਾ। (ਜਦ ਮਨੁੱਖ) ਸਤਸੰਗਤ ਵਿਚ ਜਾ ਕੇ ਮਿਲਦਾ ਹੈ, ਤਾਂ (ਇਸ ਦੇ ਅੰਦਰ) ਪੱਕਾ ਨਿਸ਼ਚਾ ਆਉਂਦਾ ਹੈ (ਇਉਂ ਗੁਰੂ ਇਸ ਨੂੰ) ਪ੍ਰਭੂ ਦੇ ਨਾਮ ਵਿਚ ਜੋੜ ਕੇ (ਭਵਜਲ ਤੋਂ) ਤਾਰ ਦੇਂਦਾ ਹੈ। ੩। ਜਦ ਤਕ ਜਿੰਦ ਤੇ ਸਰੀਰ ਸਾਬਤ (ਅਰੋਗ) ਹੈ, ਤਦ ਤਕ (ਮਨੁੱਖ) ਪ੍ਰਭੂ ਨੂੰ ਕੁਛ ਵੀ ਯਾਦ ਨਹੀਂ ਕਰਦਾ। ਜਦੋਂ ਸਰੀਰ ਘਰ ਵਿਚ (ਕਾਲ ਰੂਪ) ਅੱਗ ਆ ਲਗਦੀ ਹੈ, ਤਦ ਪਾਣੀ ਭਰਨ ਵਾਲਾ ਮਨੁੱਖ ਖੂਹ ਕੱਢ (ਪੱਟ) ਕੇ ਪਾਣੀ ਕੱਢਣਾ ਚਾਹੇ, (ਤਦ ਸਭ ਕੁਛ ਸੜ ਜਾਂਦਾ ਹੈ। ਅੱਗ ਲਗਣ ਸਮੇਂ ਖੂਹ ਪੁੱਟ ਕੇ ਅੱਗ ਬੁਝਾਈ ਨਹੀਂ ਜਾ ਸਕਦੀ, ਤਿਵੇਂ ਸਮੇਂ ਸਿਰ ਪ੍ਰਭੂ ਨੂੰ ਯਾਦ ਨਾ ਕਰਨ ਵਾਲੇ ਮਨੁੱਖ ਦੇ ਅੰਤ ਸਮੇਂ ਸਾਰੇ ਜਤਨ ਨਿਸਫਲ ਹੁੰਦੇ ਹਨ)। ੪।

ਪਦਾਰਥ = ਰਾਮ–ਹੇ ਭਾਈ! । ਹਰਿ–ਹਰੀ ਨੇ। ਅੰਮ੍ਰਿਤ ਸਰਿ–ਨਾਮ ਰੂਪ ਅੰਮ੍ਰਿਤ ਦੇ ਸਰੋਵਰ ਵਿਚ। ਨਾਵਾਰੇ–ਨਵ੍ਹਾਇਆ (ਇਸ਼ਨਾਨ ਕਰਾਇਆ) ਹੈ। ਸਤਿਗੁਰਿ–ਸਤਿਗੁਰੂ ਰਾਹੀਂ। ਮਜਨੁ–ਇਸ਼ਨਾਨ। ਨੀਕੋ–ਉਤਮ। ਮਿਲਿ–ਮਿਲ ਕੇ। ਕਲਮਲ–ਪਾਪ। ਉਤਾਰੇ–ਲਾਹ ਲਏ ਹਨ। ੧। ਰਹਾਉ। ਗੁਨੁ–ਲਾਭ; ਫਲ। ਅਧਿਕਾਈ–ਅਧਿਕ (ਜਿਆਦਾ)। ਪੜਿ–ਪੜ੍ਹ ਕੇ। ਸੂਆ–ਤੋਤਾ। ਗਨਕ–ਗਨਕਾ ਵੇਸਵਾ। ਉਧਾਰੇ–(ਵੇਸਵਾ ਵਾਲੇ ਜੀਵਨ ਤੋਂ) ਛੁਟਕਾਰਾ ਹੋ ਗਿਆ। ਪਰਸਨ ਭਏ–ਪ੍ਰਸੰਨ ਹੋ ਕੇ। ਪਰਸ–(ਚਰਨਾਂ ਦੀ) ਛੋਹ ਦਿਤੀ। ਕੁਬਿਜਾ–ਕੰਸ ਦੀ ਕੁੱਬੀ ਦਾਸੀ। ਕਉ–ਨੂੰ। ਬੈਕੁੰਠਿ–ਸੁਰਗ ਵਿਚ। ਲੈ ਸਿਧਾਰੇ–ਲੈ ਗਈ। ੧। ਪੁਤ੍ਰ ਪ੍ਰਤਿ–ਪੁਤ੍ਰ ਨਾਲ। ਕੀਨੀ–ਕੀਤੀ। ਕਰਿ ਬੋਲਾਰੇ–ਕਰਕੇ ਬੁਲਾਉਂਦਾ ਸੀ। ਠਾਕੁਰ ਕੈ–ਮਾਲਕ ਦੇ। ਮਨਿ–ਮਨ ਵਿਚ। ਭਾਇ–ਚੰਗੀ ਲੱਗੀ। ਭਾਵਨੀ–ਸ਼ਰਧਾ। ਜਮ ਕੰਕਰ–ਜਮ ਦੂਤ। ਮਾਰਿ–ਮਾਰ ਕੇ–ਬਿਦਾਰੇ–ਨਾਸ਼ ਕਰ ਦਿਤੇ। ੨। ਕਥੈ–ਬੋਲਦਾ ਹੈ। ਕਥਿ–ਬੋਲ ਕੇ। ਸੋ–ਉਸ ਨੂੰ। ਤ–ਤਾਂ; ਤਦ। ਦ੍ਰਿੜਤਾ–ਪੱਕਾ ਨਿਸ਼ਚਾ। ਰਾਮ ਨਾਮਿ–ਪ੍ਰਭੂ ਦੇ ਨਾਮ ਵਿਚ। ਨਿਸਤਾਰੇ–ਤਾਰ ਦੇਂਦਾ ਹੈ। ੩। ਜਬ ਲਗੁ–ਜਦ ਤਕ। ਜੀਉ–ਜਿੰਦ। ਪਿੰਡੁ–ਸਰੀਰ। ਹੈ ਸਾਬਤੁ–ਕਾਇਮ ਹੈ। ਤਬ ਲਗਿ–ਤਦ ਤਕ। ਕਿਛੁ–ਥੋੜਾ ਜਿਹਾ ਵੀ। ਨ ਸਮਾਰੇ–ਯਾਦ ਨਹੀਂ ਕਰਦਾ। ਘਰ ਮੰਦਰਿ–ਸਰੀਰ ਘਰ ਵਿਚ। ਆਗਿ–ਅੱਗ। ਕਢਿ–ਨਿਕਾਲ (ਪੁੱਟ) ਕੇ। ਕੂਪੁ–ਖੂਹ। ਪਨਿਹਾਰੇ–ਪਾਣੀ ਭਰਨ ਵਾਲਾ ਮਨੁੱਖ। ੪।

ਕੁਬਿਜਾ = ਇਸ ਦਾ ਨਾਉਂ ਮ.ਕੋ. ਨੇ ਅਨੇਕਵਕ੍ਰਾ ਜਾਂ ਤ੍ਰਿਵਕ੍ਰਾ ਲਿਖਿਆ ਹੈ, ਇਹ ਕੰਸ ਦੀ ਦਾਸੀ ਸੀ, ਇਸ ਦੇ ਕੁੱਬ ਸੀ। ਇਹ ਬਟਣਾ ਬਣਾਉਣ ਤੇ ਮਲਣ ਵਿਚ ਨਿਪੁੰਨ ਸੀ, ਜੋ ਕੰਸ ਦੇ ਮਲਿਆ ਕਰਦੀ ਸੀ। ਜਦ ਕ੍ਰਿਸ਼ਨ ਜੀ ਮਥਰਾ ਗਏ, ਤਾਂ ਇਸ ਨੇ ਪ੍ਰੇਮ ਨਾਲ ਕ੍ਰਿਸ਼ਨ ਜੀ ਦੇ ਬਟਣਾ ਮਲਿਆ। ਕ੍ਰਿਸ਼ਨ ਜੀ ਨੇ ਖੁਸ਼ ਹੋ ਕੇ ਇਸ ਦੇ ਪੈਰ ਤੇ ਅਪਣਾ ਅੰਗੂਠਾ ਰੱਖ ਕੇ ਠੋਡੀ ਹੇਠ ਹੱਥ ਦੇ ਕੇ ਜੋਰ ਨਾਲ ਝਟਕਾ ਦਿਤਾ, ਜਿਸ ਨਾਲ ਇਸ ਦਾ ਕੁੱਬ ਦੂਰ ਹੋ ਗਿਆ {ਕੁਬਿਜਾ ਉਧਰੀ ਅੰਗੁਸਟ ਧਾਰ ੧੧੯੨}।

ਅੰਗ ੯੮੨ = ਸਾਕਤ ਸਿਉ ਮਨ ਮੇਲੁ ਨ ਕਰੀਅਹੁ ,ਜਿਨਿ ਹਰਿ ਹਰਿ ਨਾਮੁ ਬਿਸਾਰੇ ॥ ਸਾਕਤ ਬਚਨ ਬਿਛੂਆ ਜਿਉ ਡਸੀਐ, ਤਜਿ ਸਾਕਤ ਪਰੈ ਪਰਾਰੇ ॥੫॥ ਲਗਿ ਲਗਿ ਪ੍ਰੀਤਿ ਬਹੁ ਪ੍ਰੀਤਿ ਲਗਾਈ, ਲਗਿ ਸਾਧੂ ਸੰਗਿ ਸਵਾਰੇ ॥ ਗੁਰ ਕੇ ਬਚਨ ਸਤਿ ਸਤਿ ਕਰਿ ਮਾਨੇ, ਮੇਰੇ ਠਾਕੁਰ ਬਹੁਤੁ ਪਿਆਰੇ ॥੬॥ ਪੂਰਬਿ ਜਨਮਿ ਪਰਚੂਨ ਕਮਾਏ, ਹਰਿ ਹਰਿ ਹਰਿ ਨਾਮਿ ਪਿਆਰੇ ॥ ਗੁਰ ਪ੍ਰਸਾਦਿ ਅੰਮ੍ਰਿਤ ਰਸੁ ਪਾਇਆ, ਰਸੁ ਗਾਵੈ ਰਸੁ ਵੀਚਾਰੇ ॥੭॥ ਹਰਿ ਹਰਿ ਰੂਪ ਰੰਗਿ ਸਭਿ ਤੇਰੇ, ਮੇਰੇ ਲਾਲਨ ਲਾਲ ਗੁਲਾਰੇ ॥ ਜੈਸਾ ਰੰਗੁ ਦੇਹਿ ਸੋ ਹੋਵੈ, ਕਿਆ ਨਾਨਕ ਜੰਤ ਵਿਚਾਰੇ ॥੮॥੩॥ ਹੇ ਭਾਈ! (ਜਿਸ ਮਨੁੱਖ ਨੇ) ਪ੍ਰਮਾਤਮਾ ਦਾ ਨਾਮ ਭੁਲਾ ਦਿਤਾ ਹੈ, (ਉਹ ਸਾਕਤ ਹੈ, ਕਦੇ ਵੀ ਉਸ) ਸਾਕਤ ਨਾਲ ਮਨ ਦਾ ਮੇਲ ਨਾ ਕਰੋ। ਸਾਕਤਾਂ ਦੇ ਬੋਲ (ਇਸ ਤਰ੍ਹਾਂ ਡੰਗ ਮਾਰਨ ਵਾਲੇ ਭਾਵ ਦੁਖਦਾਈ ਹੁੰਦੇ ਹਨ), ਜਿਵੇਂ ਬਿੱਛੂ ਡੰਗ ਮਾਰਦਾ ਹੈ, (ਇਸ ਲਈ) ਸਾਕਤਾਂ ਨੂੰ ਛਡ ਕੇ ਬਹੁਤ ਪਰੇ ਰਹੋ। ੫। (ਜਿਨ੍ਹਾਂ ਮਨੁੱਖਾਂ ਨੇ) ਮੁੜ ਮੁੜ ਗੁਰੂ ਦੇ ਚਰਨਾਂ ਵਿਚ ਲਗ ਕੇ (ਅਪਣੇ ਹਿਰਦੇ ਵਿਚ) ਬਹੁਤ ਪ੍ਰੀਤ ਲਗਾਈ ਹੈ, (ਉਨ੍ਹਾਂ ਨੇ) ਗੁਰੂ ਸਾਧੂ ਦੀ ਸੰਗਤ ਵਿਚ ਲਗ ਕੇ (ਅਪਣੇ ਜੀਵਨ) ਸਵਾਰ ਲਏ ਹਨ। (ਕਿਉਂਕਿ ਉਨ੍ਹਾਂ ਨੇ) ਗੁਰੂ ਦੇ ਬਚਨ (ਮਨ ਅਤੇ ਤਨ ਕਰਕੇ) ਸੱਚੇ ਜਾਣ ਕਰਕੇ ਮੰਨ ਲਏ ਹਨ ,(ਇਸ ਲਈ ਉਹ) ਮੇਰੇ ਮਾਲਕ ਪ੍ਰਭੂ ਦੇ ਬਹੁਤ ਪਿਆਰੇ ਹਨ। ੬। ਪਹਿਲੇ ਜਨਮ ਵਿਚ (ਜਿਸ ਮਨੁੱਖ ਨੇ) ਥੋੜੇ ਜਿਹੇ ਵੀ ਚੰਗੇ ਕਰਮ ਕਮਾਏ ਹਨ, (ਜਿਨ੍ਹਾਂ ਕਰਮਾਂ ਕਰਕੇ ਉਸ ਦਾ) ਹਰੀ ਦੇ ਨਾਮ ਵਿਚ ਪਿਆਰ ਪੈਦਾ ਹੋ ਗਿਆ। (ਉਨ੍ਹਾਂ ਚੰਗੇ ਕਰਮਾਂ ਦੇ ਸਦਕੇ ਇਸ ਜਨਮ ਵਿਚ ਵੀ ਉਸ ਨੇ) ਗੁਰੂ ਦੀ ਕ੍ਰਿਪਾ ਨਾਲ ਨਾਮ ਰੂਪ ਅੰਮ੍ਰਿਤ ਰਸ ਪ੍ਰਾਪਤ ਕੀਤਾ ਹੈ, (ਉਹ ਉਸੇ) ਨਾਮ ਰਸ ਨੂੰ ਗਾਉਂਦਾ ਹੈ, ਉਸੇ ਨਾਮ ਰਸ ਨੂੰ ਵਿਚਾਰਦਾ ਹੈ। ੭। ਹੇ ਹਰੀ! ਹੇ ਲਾਲ! ਹੇ ਮੇਰੇ ਸੋਹਣੇ ਪਿਆਰੇ ਲਾਲ! ਸਾਰੇ ਜੀਵਾਂ ਜੰਤਾਂ ਦੇ ਰੂਪ ਰੰਗ ਤੇਰੇ ਹੀ ਹਨ। ਜਿਹੋ ਜਿਹਾ ਰੰਗ ਤੂੰ (ਕਿਸੇ ਜੀਵ ਨੂੰ) ਦੇਂਦਾ ਹੈਂ, ਉਹ (ਉਹੋ ਜਿਹੇ ਰੰਗ ਵਾਲਾ) ਹੋ ਜਾਂਦਾ ਹੈ, ਵਿਚਾਰੇ ਜੀਵਾਂ ਦੇ ਵਸ ਵਿਚ

ਕੀ ਹੈ? ਜੋ ਅਪਣੇ ਆਪ ਕੁਛ ਕਰ ਸਕਣ।੮।੩।

ਪਦਾਰਥ = ਸਾਕਤ–ਪ੍ਰਮਾਤਮਾ ਤੋਂ ਬੇਮੁਖ।ਸਿਉ–ਨਾਲ।ਮਨ–ਮਨ ਦਾ।ਜਿਨਿ–ਜਿਸ ਨੇ।ਬਿਸਾਰੇ–ਭੁਲਾ ਦਿਤਾ ਹੈ।ਬਿਛੂਆ–ਬਿੱਛੂ।ਡਸੀਐ–ਡੰਗਦਾ ਹੈ।ਤਜਿ–ਛਡ ਕੇ।ਪਰੈ ਪਰਾਰੇ–ਪਰੇ ਤੋਂ ਪਰੇ (ਬਹੁਤ ਦੂਰ) ਰਹੋ।੧।ਲਗਿ ਲਗਿ–ਮੁੜ ਮੁੜ (ਗੁਰੂ ਦੇ ਚਰਨੀਂ) ਲਗ ਕੇ।ਬਹੁ–ਬਹੁਤ।ਸਾਧੂ ਸੰਗਿ–ਗੁਰੂ ਦੀ ਸੰਗਤ ਵਿਚ।ਸਵਾਰੇ–ਸਵਾਰ (ਸੋਹਣੇ ਬਣਾ) ਲਏ ਹਨ।ਸਤਿ ਸਤਿ ਕਰਿ–ਸੱਚੇ ਜਾਣ ਕਰਕੇ।ਮਾਨੇ–ਮੰਨ ਲਏ ਹਨ।ਠਾਕੁਰ–ਮਾਲਕ ਪ੍ਰਭੂ।੬।ਪੂਰਬਿ ਜਨਮਿ–ਪਹਿਲੇ ਜਨਮ ਵਿਚ।ਪਰਚੂਨ–ਥੋੜੇ ਜਿਹੇ (ਚੰਗੇ ਕਰਮ)। ਨਾਮਿ–ਨਾਮ ਵਿਚ।ਗੁਰ ਪ੍ਰਸਾਦਿ–ਗੁਰੂ ਦੀ ਕ੍ਰਿਪਾ ਨਾਲ।ਵੀਚਾਰੇ–ਵਿਚਾਰਦਾ ਹੈ।੭।ਹਰਿ ਹਰਿ–ਹੇ ਹਰੀ!।ਰੂਪ–ਸ਼ਕਲ ਸੂਰਤ। ਲਾਲਨ–ਹੇ ਲਾਲ!।ਲਾਲ ਗੁਲਾਰੇ–ਹੇ ਸੋਹਣੇ ਪਿਆਰੇ ਲਾਲ!।ਦੇਹਿ–ਤੂੰ ਦੇਂਦਾ ਹੈਂ।ਸੋ–ਉਹ।ਜੰਤ–ਜੀਵ।੮।੩।

ਨਟ ਮਹਲਾ ੪ ॥ ਰਾਮ ਗੁਰ ਸਰਨਿ ਪ੍ਰਭੂ ਰਖਵਾਰੇ ॥ ਜਿਉ ਕੁੰਚਰੁ ਤਦੂਐ ਪਕਰਿ ਚਲਾਇਓ, ਕਰਿ ਊਪਰੁ ਕਢਿ ਨਿਸਤਾਰੇ ॥੧॥ ਰਹਾਉ॥ ਪ੍ਰਭ ਕੇ ਸੇਵਕ ਬਹੁਤੁ ਅਤਿ ਨੀਕੇ, ਮਨਿ ਸਰਧਾ ਕਰਿ ਹਰਿ ਧਾਰੇ ॥ ਮੇਰੇ ਪ੍ਰਭਿ ਸਰਧਾ ਭਗਤਿ ਮਨਿ ਭਾਵੈ, ਜਨ ਕੀ ਪੈਜ ਸਵਾਰੇ ॥੧॥ ਹਰਿ ਹਰਿ ਸੇਵਕੁ ਸੇਵਾ ਲਾਗੈ, ਸਭੁ ਦੇਖੈ ਬ੍ਰਹਮ ਪਸਾਰੇ ॥ ਏਕੁ ਪੁਰਖੁ ਇਕੁ ਨਦਰੀ ਆਵੈ, ਸਭ ਏਕਾ ਨਦਰਿ ਨਿਹਾਰੇ ॥੨॥ ਹਰਿ ਪ੍ਰਭੁ ਠਾਕੁਰੁ ਰਵਿਆ ਸਭ ਠਾਈ, ਸਭੁ ਚੇਰੀ ਜਗਤੁ ਸਮਾਰੇ ॥ ਆਪਿ ਦਇਆਲੁ ਦਇਆ ਦਾਨੁ ਦੇਵੈ, ਵਿਚਿ ਪਾਥਰ ਕੀਰੇ ਕਾਰੇ ॥੩॥ ਅੰਤਰਿ ਵਾਸੁ ਬਹੁਤੁ ਮੁਸਕਾਈ, ਭ੍ਰਮਿ ਭੂਲਾ ਮਿਰਗੁ ਸਿੰਙ੍ਹਾਰੇ ॥ ਬਨੁ ਬਨੁ ਢੂਢਿ ਢੂਡਿ ਫਿਰਿ ਥਾਕੀ, ਗੁਰਿ ਪੂਰੈ ਘਰਿ ਨਿਸਤਾਰੇ ॥੪॥ ਹੇ ਭਾਈ! (ਜੋ ਮਨੁੱਖ) ਗੁਰੂ ਦੀ ਸ਼ਰਨ ਵਿਚ ਆਉਂਦੇ ਹਨ, (ਉਨ੍ਹਾਂ ਦੀ) ਰਖਿਆ ਕਰਨ ਵਾਲਾ ਪ੍ਰਭੂ ਹੈ।ਜਿਵੇਂ ਤੰਦੂਏ ਨੇ ਹਾਥੀ ਨੂੰ ਫੜ ਕੇ ਪਾਣੀ ਵਿਚ ਚਲਾ (ਖਿੱਚ) ਲਿਆ ਸੀ, (ਉਹ ਅੰਤ ਵੇਲੇ ਹਰੀ ਨੂੰ ਯਾਦ ਕਰਕੇ ਬਚਿਆ, ਹਾਥੀ ਨੂੰ ਪਾਣੀ ਵਿਚੋਂ) ਉਪਰ ਕੱਢ ਕਰਕੇ (ਹਰੀ ਨੇ ਉਸ ਦਾ) ਨਿਸਤਾਰਾ ਕੀਤਾ।੧।ਰਹਾਉ।ਪ੍ਰਭੂ ਦੇ ਸੇਵਕ ਬਹੁਤ ਜਿਆਦਾ ਚੰਗੇ ਹਨ (ਕਿਉਂਕਿ ਉਹ) ਸ਼ਰਧਾ ਕਰਕੇ ਹਰੀ ਦੇ ਨਾਮ ਨੂੰ ਮਨ ਵਿਚ ਟਿਕਾਈ ਰਖਦੇ ਹਨ।ਮੇਰੇ ਪ੍ਰਭੂ ਦੇ ਮਨ ਵਿਚ ਸ਼ਰਧਾ ਭਗਤੀ ਚੰਗੀ ਲਗਦੀ ਹੈ ਅਤੇ (ਪ੍ਰਭੂ) ਸੇਵਕ ਜਨਾਂ ਦੀ ਪੈਜ ਸਵਾਰਦਾ ਹੈ।੧।(ਜਿਹੜਾ) ਸੇਵਕ ਪ੍ਰਭੂ ਦੀ ਸੇਵਾ ਭਗਤੀ ਕਰਨ ਲਗਦਾ ਹੈ, (ਉਹ) ਸਭ ਥਾਵਾਂ ਤੇ ਬ੍ਰਹਮ ਦਾ ਹੀ ਪਸਾਰਾ ਦੇਖਦਾ ਹੈ।ਇਕ ਜੋ ਸਰਬ ਵਿਆਪਕ ਪ੍ਰਭੂ ਹੈ, (ਉਸ ਸੇਵਕ ਨੂੰ) ਇਕੋ ਪ੍ਰਭੂ ਨਜਰ ਆਉਂਦਾ ਹੈ ਅਤੇ (ਉਸ ਨੂੰ ਪ੍ਰਤੀਤ ਹੁੰਦਾ ਹੈ ਕਿ ਪ੍ਰਭੂ) ਸਾਰੇ ਜੀਵਾਂ ਨੂੰ ਇਕੋ ਨਜਰ ਨਾਲ ਦੇਖਦਾ ਹੈ।੨।ਹਰੀ ਪ੍ਰਭੂ ਸਭ ਜਗ੍ਹਾ ਵਿਆਪਕ ਹੋ ਰਿਹਾ ਹੈ ਅਤੇ ਉਹ ਸਾਰੇ ਜਗਤ ਨੂੰ ਦਾਸੀ ਵਾਂਗ ਸੰਭਾਲਦਾ ਹੈ; ਸਾਰਾ ਜਗਤ ਦਾਸੀ ਬਣ ਕੇ (ਉਸ ਨੂੰ) ਯਾਦ ਕਰਦਾ ਹੈ।(ਪ੍ਰਭੂ) ਆਪ ਦਇਆ ਦਾ ਘਰ ਹੈ ਅਤੇ ਦਇਆ ਕਰਕੇ (ਸਾਰੇ ਜੀਵਾਂ ਨੂੰ) ਦਾਨ ਦੇਂਦਾ ਹੈ, (ਉਸ ਨੇ ਜੋ) ਪਥਰਾਂ ਵਿਚ ਕੀੜੇ ਮਕੌੜੇ ਪੈਦਾ ਕੀਤੇ ਹਨ, (ਉਨ੍ਹਾਂ ਨੂੰ ਵੀ ਖਾਣਾ ਪਹੁੰਚਾਉਂਦਾ ਹੈ)।੩।(ਹੇ ਭਾਈ!) ਹਿਰਨ ਦੀ ਨਾਭੀ ਅੰਦਰ ਕਸਤੂਰੀ ਦੀ ਬਹੁਤ ਸੁਗੰਧੀ ਹੁੰਦੀ ਹੈ, (ਪਰ ਫਿਰ ਵੀ) ਮਿਰਗ ਭਰਮ ਵਿਚ ਭੁੱਲਾ ਹੋਇਆ (ਬਾਹਰ ਝਾੜੀਆਂ ਵਿਚ ਮਹਿਕ) ਸੁੰਘਦਾ ਫਿਰਦਾ ਹੈ।(ਇਸੇ ਤਰ੍ਹਾਂ ਪ੍ਰਭੂ ਹਿਰਦੇ ਵਿਚ ਵਸਦਾ ਹੈ, ਪਰ ਜੀਵ ਰੂਪ ਇਸਤ੍ਰੀ) ਜੰਗਲ ਜੰਗਲ ਢੂੰਢ ਢੂੰਢ ਕੇ ਫਿਰ ਕੇ ਥੱਕ ਗਈ, (ਫਿਰ ਵੀ ਹਰੀ ਨਹੀਂ ਮਿਲਿਆ, ਪਰ) ਪੂਰੇ ਗੁਰੂ ਨੇ ਹਿਰਦੇ ਘਰ ਵਿਚ ਦਰਸ਼ਨ ਕਰਾ ਕੇ (ਉਸ ਨੂੰ ਸੰਸਾਰ ਸਮੁੰਦਰ ਤੋਂ) ਤਾਰ ਦਿਤਾ ਹੈ।੪।

ਪਦਾਰਥ = ਰਾਮ–ਹੇ ਭਾਈ!।ਰਖਵਾਰੇ–ਰਖਵਾਲਾ।ਕੁੰਚਰੁ–ਹਾਥੀ (ਸਰਾਪ ਨਾਲ ਗੰਧਰਬ ਤੋਂ ਹਾਥੀ ਬਣਿਆ)।ਤਦੂਐ–ਤੰਦੂਏ ਨੇ।ਪਕਰਿ–ਫੜ ਕੇ।ਕਢਿ–ਕੱਢ ਕੇ।ਨਿਸਤਾਰੇ–ਛੁਟਕਾਰਾ; ਤਾਰ ਦਿਤਾ।੧।ਰਹਾਉ।ਅਤਿ ਨੀਕੇ–ਬਹੁਤ ਚੰਗੇ।ਮਨਿ–ਮਨ ਵਿਚ। ਧਾਰੇ–ਟਿਕਾਈ ਰਖਦੇ ਹਨ।ਭਾਵੈ–ਚੰਗੀ ਲਗਦੀ ਹੈ।ਜਨ ਕੀ–ਸੇਵਕ ਜਨਾਂ ਦੀ।ਪੈਜ–ਇੱਜਤ।ਸਵਾਰੇ–ਸਵਾਰਦਾ ਹੈ।੧।ਬ੍ਰਹਮ ਪਸਾਰੇ–ਪ੍ਰਭੂ ਦਾ ਪਸਾਰਾ।ਪੁਰਖੁ–ਵਿਆਪਕ ਪ੍ਰਭੂ।ਨਦਰੀ ਆਵੈ–ਨਜਰ ਆਉਂਦਾ ਹੈ।ਨਦਰਿ ਨਿਹਾਰੇ–ਨਜਰ ਨਾਲ ਦੇਖਦਾ ਹੈ।੨। ਰਵਿਆ–ਵਿਆਪਕ ਹੈ।ਠਾਈ–ਜਗ੍ਹਾ।ਚੇਰੀ–ਦਾਸੀ।ਸਮਾਰੇ–ਸੰਭਾਲਦਾ ਹੈ; ਯਾਦ ਕਰਦਾ ਹੈ।ਦੇਵੈ–ਦੇਂਦਾ ਹੈ।ਕੀਰੇ ਕਾਰੇ–ਕੀੜੇ ਮਕੌੜੇ; ਕੀੜੀ ਕਰੇ (ਪੈਦਾ ਕੀਤੇ)।੩।ਵਾਸੁ–ਸੁਗੰਧੀ।ਮੁਸਕਾਈ–ਕਸਤੂਰੀ।ਭ੍ਰਮਿ ਭੂਲਾ–ਭਰਮ ਵਿਚ ਭੁੱਲਿਆ ਹੋਇਆ।ਸਿੰਙ੍ਹਾਰੇ–ਸਿੰਗ ਮਾਰਦਾ ਫਿਰਦਾ ਹੈ; ਸੁੰਘਦਾ ਹੈ।ਬਨੁ–ਜੰਗਲ।ਫਿਰਿ–ਫਿਰ ਕੇ।ਗੁਰਿ ਪੂਰੈ–ਪੂਰੇ ਗੁਰੂ ਨੇ।ਘਰਿ–ਹਿਰਦੇ ਘਰ ਵਿਚ।੪।

ਬਾਣੀ ਗੁਰੂ ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ ॥ ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ, ਪਰਤਖਿ ਗੁਰੂ ਨਿਸਤਾਰੇ ॥੫॥ ਸਭੁ ਹੈ ਬ੍ਰਹਮੁ ਬ੍ਰਹਮੁ ਹੈ ਪਸਰਿਆ, ਮਨਿ ਬੀਜਿਆ ਖਾਵਾਰੇ ॥ ਜਿਉ ਜਨ ਚੰਦ੍ਰਹਾਂਸੁ ਦੁਖਿਆ ਧ੍ਰਿਸਟਬੁਧੀ, ਅਪੁਨਾ ਘਰੁ ਲੂਕੀ ਜਾਰੇ ॥੬॥ ਪ੍ਰਭ ਕਉ ਜਨੁ ਅੰਤਰਿ ਰਿਦ ਲੋਚੈ, ਪ੍ਰਭ ਜਨ ਕੇ ਸਾਸ ਨਿਹਾਰੇ ॥ ਕ੍ਰਿਪਾ ਕ੍ਰਿਪਾ ਕਰਿ ਭਗਤਿ ਦ੍ਰਿੜਾਏ, ਜਨ ਪੀਛੈ ਜਗੁ ਨਿਸਤਾਰੇ ॥੭॥ ਆਪਨ ਆਪਿ ਆਪਿ ਪ੍ਰਭੁ ਠਾਕੁਰੁ ,ਪ੍ਰਭੁ ਆਪੇ ਸ੍ਰਿਸਟਿ ਸਵਾਰੇ ॥ ਜਨ ਨਾਨਕ ਆਪੇ ਆਪਿ ਸਭੁ ਵਰਤੈ, ਕਰਿ

ਕ੍ਰਿਪਾ ਆਪਿ ਨਿਸਤਾਰੇ ॥੮॥੪॥ (ਹੇ ਭਾਈ!) ਬਾਣੀ ਗੁਰੂ ਰੂਪ ਹੈ ਤੇ ਗੁਰੂ ਬਾਣੀ ਦਾ ਰੂਪ ਹੈ, (ਗੁਰੂ ਦੀ) ਬਾਣੀ ਵਿਚ ਅੰਮ੍ਰਿਤ ਸਮਾਇਆ ਹੋਇਆ ਹੈ। ਗੁਰੂ ਜੋ ਬਾਣੀ (ਬਚਨ) ਉਚਾਰਦਾ ਹੈ (ਗੁਰੂ ਜੋ ਉਪਦੇਸ਼ ਬਾਣੀ ਦੁਆਰਾ ਉਚਾਰਦਾ ਹੈ, ਉਸ ਨੂੰ ਜੋ) ਸੇਵਕ ਜਨ ਮੰਨ ਲੈਂਦਾ ਹੈ, ਗੁਰੂ ਪ੍ਰਤੱਖ ਹੋ ਕੇ (ਉਸ ਸੇਵਕ ਨੂੰ ਸੰਸਾਰ ਸਮੁੰਦਰ ਤੋਂ) ਤਾਰ ਦੇਂਦਾ ਹੈ।੫।(ਹੇ ਭਾਈ!) ਸਾਰਾ ਜਗਤ ਬ੍ਰਹਮ ਰੂਪ ਹੈ ਅਤੇ ਬ੍ਰਹਮ ਸਭ ਪਾਸੇ ਪਸਰਿਆ ਹੋਇਆ ਹੈ, (ਜਿਸ ਤਰ੍ਹਾਂ ਦਾ ਬੀਜ ਜੀਵ ਨੇ ਅਪਣੇ) ਮਨ ਵਿਚ ਬੀਜਿਆ ਹੈ, (ਉਸੇ ਬੀਜ ਬੀਜੇ ਦਾ ਫਲ ਪ੍ਰਭੂ ਜੀਵ ਨੂੰ) ਖੁਆਉਂਦਾ ਹੈ।(ਦ੍ਰਿਸ਼ਟਾਂਤ) = ਜਿਵੇਂ ਭਗਤ ਚੰਦ੍ਰਹਾਂਸ (ਅਪਣੇ ਵਜੀਰ) ਧ੍ਰਿਸ਼ਟਬੁਧੀ ਦਾ ਦੁਖੀ ਕੀਤਾ ਹੋਇਆ ਸੀ, (ਚੰਦ੍ਰਹਾਂਸ ਨੂੰ ਮਾਰਨ ਦੇ ਜਤਨ ਵਿਚ ਧ੍ਰਿਸ਼ਟਬੁਧੀ ਨੇ ਈਰਖਾ ਦੀ) ਅੱਗ ਨਾਲ ਅਪਣਾ ਘਰ ਹੀ ਸਾੜ ਲਿਆ ਸੀ।੬।(ਹੇ ਭਾਈ! ਸੇਵਕ) ਜਨ ਪ੍ਰਭੂ ਨੂੰ ਅਪਣੇ ਹਿਰਦੇ ਅੰਦਰ ਦੇਖਣਾ ਚਾਹੁੰਦਾ ਹੈ, ਪ੍ਰਭੂ ਸੇਵਕਾਂ ਦੇ ਸੁਆਸ ਦੇਖਦਾ ਰਹਿੰਦਾ ਹੈ (ਕਿ ਸਾਹ ਨਿਰੰਤਰ ਚਲਦੇ ਰਹਿਣ; ਸੇਵਕਾਂ ਦੀ ਨਿਗਰਾਨੀ ਰੱਖਦਾ ਹੈ। ਪ੍ਰਭੂ ਸੇਵਕਾਂ ਉਤੇ) ਕ੍ਰਿਪਾ ਕਰਕੇ ਅਪਣੀ ਸੇਵਾ ਭਗਤੀ ਦ੍ਰਿੜ ਕਰਾਉਂਦਾ ਹੈ ਅਤੇ ਸੇਵਕਾਂ ਦੇ ਪਿੱਛੇ ਚੱਲਣ ਵਾਲੇ ਜਗਤ ਨੂੰ (ਪ੍ਰਭੂ ਭਵਜਲ ਤੋਂ) ਤਾਰ ਦੇਂਦਾ ਹੈ।੭।(ਹੇ ਭਾਈ! ਤਿੰਨਾਂ ਕਾਲਾਂ ਵਿਚ) ਮਾਲਕ ਪ੍ਰਭੂ ਆਪ ਹੀ ਆਪ ਹੈ ਅਤੇ ਪ੍ਰਭੂ ਆਪ ਹੀ ਸ੍ਰਿਸਟੀ ਨੂੰ ਸਵਾਰਦਾ ਹੈ। ਦਾਸ ਨਾਨਕ ਆਖਦਾ ਹੈ ਕਿ ਪ੍ਰਭੂ ਸਭ ਜਗ੍ਹਾ ਆਪ ਹੀ ਵਰਤ ਰਿਹਾ ਹੈ ਅਤੇ ਕ੍ਰਿਪਾ ਕਰਕੇ ਆਪ ਹੀ (ਜੀਵਾਂ ਨੂੰ ਭਵਜਲ ਤੋਂ) ਤਾਰਦਾ ਹੈ।੮।੪।

ਵਿਚਿ ਬਾਣੀ = ਬਾਣੀ ਰੂਪ ਅੰਮ੍ਰਿਤ ਸਭ ਜਗ੍ਹਾ ਹੈ (ਫ.ਸ.); ਬਾਣੀ ਵਿਚ ਸਾਰੇ ਅੰਮ੍ਰਿਤ ਰਸ ਭਰਪੂਰ ਹਨ (ਇ.ਟੀਕਾ)।

ਪਦਾਰਥ = ਸਾਰੇ–ਪਸਰਿਆ (ਸਮਾਇਆ) ਹੋਇਆ (ਸ਼ਬਦਾਰਥ); ਸਭ ਜਗ੍ਹਾ; (ਬਾਣੀ ਵਿਚ) ਸ੍ਰੇਸਟ (ਅੰਮ੍ਰਿਤ ਹੈ)। ਗੁਰੁ ਬਾਣੀ ਕਹੈ–ਗੁਰੂ ਬਾਣੀ ਉਚਾਰਦਾ ਹੈ। ਜਨੁ–ਦਾਸ। ਮਾਨੈ–ਮੰਨ ਲੈਂਦਾ ਹੈ। ਪਰਤਖਿ–ਪ੍ਰਗਟ ਹੋ ਕੇ (ਨਿਸ਼ਚੇ ਹੀ; ਅਵੱਸ਼)। ਨਿਸਤਾਰੇ–ਤਾਰ ਦੇਂਦਾ ਹੈ।੫। ਸਭੁ–ਸਭ ਜਗ੍ਹਾ। ਬ੍ਰਹਮੁ–ਪ੍ਰਮਾਤਮਾ। ਪਸਰਿਆ–ਫੈਲਿਆ (ਵਿਆਪਕ) ਹੈ। ਮਨਿ–ਮਨ ਵਿਚ। ਖਾਵਾਰੇ–ਖਵਾਉਂਦਾ ਹੈ। ਜਨ–ਭਗਤ। ਦੁਖਿਆ–ਦੁਖੀ ਕੀਤਾ ਹੋਇਆ। ਲੂਕੀ–ਅੱਗ ਨਾਲ। ਜਾਰੇ–ਸਾੜ ਲਿਆ।੬। ਕਉ–ਨੂੰ। ਜਨੁ–ਸੇਵਕ। ਅੰਤਰਿ ਰਿਦ–ਹਿਰਦੇ ਅੰਦਰ। ਲੋਚੈ–ਚਾਹੁੰਦਾ ਹੈ। ਸਾਸ–ਸੁਆਸ। ਨਿਹਾਰੇ–ਦੇਖਦਾ ਹੈ; ਨਿਗਰਾਨੀ ਰਖਦਾ ਹੈ। ਭਗਤਿ–ਸੇਵਾ ਭਗਤੀ। ਦ੍ਰਿੜਾਏ–ਪੱਕੀ ਤਰ੍ਹਾਂ ਟਿਕਾ ਦੇਂਦਾ ਹੈ। ਜਨ ਪੀਛੈ–ਸੇਵਕਾਂ ਦੇ ਪਿੱਛੇ ਚੱਲਣ ਵਾਲੇ ਨੂੰ। ਜਗੁ–ਜਗਤ ਨੂੰ।੭। ਆਪਨ ਆਪਿ–ਆਪ ਹੀ ਆਪ। ਠਾਕੁਰੁ–ਮਾਲਕ। ਸਵਾਰੇ–ਸ਼ਿੰਗਾਰਦਾ ਹੈ; ਰਚਦਾ ਹੈ। ਵਰਤੈ–ਵਰਤ ਰਿਹਾ ਹੈ। ਕਰਿ–ਕਰਕੇ।੮।੪।

ਚੰਦ੍ਰਹਾਂਸ ਤੇ ਧ੍ਰਿਸਟਬੁਧੀ = ਦੱਖਣ ਵਿਚ ਕੇਰਲ ਰਾਜ ਵਿਚ ਇਕ ਛੋਟੀ ਜਿਹੀ ਰਿਆਸਤ ਸੀ, ਜਿਸ ਦਾ ਰਾਜਾ ਮੇਧਵੀ ਬੜਾ ਧਰਮੀ ਸੀ। ਉਹ ਵੈਰੀਆਂ ਨਾਲ ਲੜਦਾ ਜੰਗ ਵਿਚ ਮਾਰਿਆ ਗਿਆ ਤੇ ਰਿਆਸਤ ਤੇ ਵੈਰੀਆਂ ਦਾ ਕਬਜਾ ਹੋ ਗਿਆ। ਉਸ ਧਰਮੀ ਰਾਜੇ ਦਾ ਇਕ ਤਿੰਨ ਸਾਲਾਂ ਦਾ ਪੁਤ੍ਰ ਚੰਦ੍ਰਹਾਂਸ ਸੀ, ਜਿਸ ਨੂੰ ਉਸ ਦੀ ਇਕ ਨੌਕਰਾਣੀ ਬਚਾ ਕੇ ਕੁੰਤਲ ਪੁਰ ਦੇ ਰਾਜ ਵਿਚ ਲੈ ਗਈ। ਉਹ ਚੰਦ੍ਰਹਾਂਸ ਨੂੰ ਪਾਲਦੀ ਰਹੀ, ਪਰ ਛੇਤੀ ਮਰ ਗਈ। ਤਦ ਕੁੰਤਲ ਪੁਰ ਦੇ ਸਾਧੂਆਂ ਨੇ ਬੱਚੇ ਨੂੰ ਅਨਾਥ ਜਾਣ ਕੇ ਅਪਣੇ ਕੋਲ ਲਿਆ ਕੇ ਪਾਲਿਆ। ਚੰਦ੍ਰਹਾਂਸ ਬੜਾ ਬੁੱਧੀਵਾਨ ਤੇ ਸੁੰਦਰ ਵੀ ਸੀ। ਸਾਧੂਆਂ ਦੀ ਸੰਗਤ ਵਿਚ ਇਸ ਉਤੇ ਪ੍ਰਮਾਤਮਾ ਦੀ ਭਗਤੀ ਦਾ ਰੰਗ ਚੜ੍ਹ ਗਿਆ ਤੇ ਆਤਮ ਗਿਆਨ ਤੇ ਸ਼ਰਧਾ ਨੇ ਇਸ ਨੂੰ ਪ੍ਰਭੂ ਨਾਲ ਜੋੜ ਦਿਤਾ। ਕੁੰਤਲ ਪੁਰ ਦੇ ਰਾਜੇ ਦੇ ਕੋਈ ਪੁਤ੍ਰ ਨਹੀਂ ਸੀ, ਕੇਵਲ ਇਕ ਲੜਕੀ ਸੀ, ਜੋ ਅਜੇ ਕੁਆਰੀ ਸੀ। ਰਾਜਾ ਧਰਮੀ ਸੀ, ਇਸ ਦਾ ਮੰਤ੍ਰੀ ਧ੍ਰਿਸ਼ਟਬੁੱਧੀ ਅਪਣੀ ਚਲਾਕੀ ਕਰਕੇ ਰਾਜ ਪ੍ਰਬੰਧ ਅਪਣੇ ਢੰਗ ਨਾਲ ਚਲਾ ਰਿਹਾ ਸੀ। ਧ੍ਰਿਸ਼ਟਬੁੱਧੀ ਦੇ ਦੋ ਪੁਤ੍ਰ ਮਦਨ ਤੇ ਅਮਲ ਅਤੇ ਇਕ ਪੁਤ੍ਰੀ ਬਿਖਿਆ ਸੀ। ਮਦਨ ਵੀ ਧਰਮੀ ਬੰਦਾ ਸੀ, ਪਰ ਅਮਲ ਤੇ ਉਸ ਦਾ ਪਿਓ ਦੋਵੇਂ ਅਯਾਸ਼ੀ ਕਿਸਮ ਦੇ ਅਤੇ ਧਨ ਦੇ ਪ੍ਰੇਮੀ ਸਨ। ਮਦਨ ਤੇ ਕੁੰਤਲ ਪੁਰ ਦੇ ਰਾਜੇ ਨੇ ਮਹਿਲਾਂ ਵਿਚ ਸੰਤ ਸਮਾਗਮ ਕਰਾਇਆ ਅਤੇ ਬਹੁਤ ਪਿਆਰ ਨਾਲ ਸੰਤਾਂ ਨੂੰ ਭੋਜਨ ਖੁਆਇਆ। ਸੰਤਾਂ ਨਾਲ ਚੰਦ੍ਰਹਾਂਸ ਵੀ ਭੋਜਨ ਖਾ ਰਿਹਾ ਸੀ, ਸੰਤਾਂ ਵਿਚੋਂ ਇਕ ਕਰਣੀ ਵਾਲਾ ਸੰਤ ਧ੍ਰਿਸ਼ਟਬੁੱਧੀ ਨੂੰ ਕਹਿਣ ਲਗਾ ਕਿ ਚੰਦ੍ਰਹਾਂਸ ਨੇ ਤੇਰਾ ਜਵਾਈ ਬਣਨਾ ਹੈ। ਧ੍ਰਿਸ਼ਟਬੁੱਧੀ ਨੇ ਚੰਦ੍ਰਹਾਂਸ ਨੂੰ ਮਾਰਨ ਦੀ ਵਿਉਂਤ ਬਣਾ ਲਈ। ਜਲਾਦਾਂ ਨੂੰ ਬਹੁਤ ਸਾਰੇ ਧਨ ਦਾ ਲਾਲਚ ਦੇ ਕੇ ਕਿਹਾ ਚੰਦ੍ਰਹਾਂਸ ਨੂੰ ਸੰਤਾਂ ਤੋਂ ਇਕੱਲਾ ਦੇਖ ਕੇ ਮਾਰ ਦਿਓ ਅਤੇ ਇਸ ਦਾ ਕੋਈ ਅੰਗ ਕਟ ਕੇ ਮੈਨੂੰ ਲਿਆ ਕੇ ਦਿਖਾ ਦਿਓ। ਜਲਾਦਾਂ ਨੇ ਚੰਦ੍ਰਹਾਂਸ ਨੂੰ ਇਕੱਲਾ ਦੇਖ ਕੇ ਫੜ ਲਿਆ ਦੇ ਜੰਗਲ ਵਿਚ ਲੈ ਗਏ। ਲੜਕੇ ਨੇ ਪੁੱਛਿਆ ਕਿ ਮੈਨੂੰ ਕਿਉਂ ਇਥੇ ਲਿਆਏ ਹੋ? ਜਲਾਦਾਂ ਨੇ ਸਾਰੀ ਗੱਲ ਦਸ ਦਿਤੀ। ਲੜਕਾ ਆਖਣ ਲੱਗਾ ਮੈਨੂੰ ਮਾਰਨ ਤੋਂ ਪਹਿਲਾਂ ਰੱਬ ਦਾ ਨਾਮ ਜਪ ਲੈਣ ਦਿਓ। ਜਲਾਦਾਂ ਦੇ ਦਿਲ ਵਿਚ ਦਇਆ ਆਈ ਕਿ ਲੜਕਾ ਭਗਤੀ ਭਾਵ ਵਾਲਾ ਹੈ ਤੇ ਬੜਾ ਸੁੰਦਰ ਹੈ, ਅਸੀਂ ਇਹ ਪਾਪ ਨਾ ਕਰੀਏ। ਚੰਦ੍ਰਹਾਂਸ ਦੀਆਂ ਛੇ ਉਂਗਲਾਂ ਸਨ, ਜਲਾਦ ਨੇ ਛੇਵੀਂ ਉਂਗਲ ਕੱਟ ਕੇ ਨਿਸ਼ਾਨੀ ਵੱਜੋਂ ਧ੍ਰਿਸ਼ਟਬੁੱਧੀ ਨੂੰ ਜਾ ਦਿਖਾਈ। ਚੰਦ੍ਰਹਾਂਸ ਉਂਗਲੀ ਦੇ ਦਰਦ ਕਾਰਨ ਜੰਗਲ ਵਿਚ

ਇਕੱਲਾ ਬੈਠਾ ਰਿਹਾ। ਰਾਜਾ ਕਲਿੰਦਰ ਜੋ ਇਸ ਦੇਸ਼ ਦਾ ਰਾਜਾ ਸੀ, ਜੰਗਲ ਵਿਚ ਸ਼ਿਕਾਰ ਖੇਡਣ ਗਿਆ, ਕੁਦਰਤੀ ਰਾਜੇ ਦੀ ਨਜਰ ਜੰਗਲ ਵਿਚ ਬੈਠੇ ਚੰਦ੍ਰਹਾਂਸ ਤੇ ਪਈ। ਭਗਤੀ ਭਾਵ ਵਿਚ ਬੈਠੇ ਸੁੰਦਰ ਬਾਲਕ ਨੂੰ ਰਾਜਾ ਕਲਿੰਦਰ ਅਪਣੇ ਮਹਿਲਾਂ ਵਿਚ ਲੈ ਆਇਆ। ਰਾਜੇ ਤੇ ਰਾਣੀ ਨੇ ਚੰਦ੍ਰਹਾਂਸ ਨੂੰ ਅਪਣਾ ਪੁਤ੍ਰ ਮੰਨ ਲਿਆ। ਇਸ ਨੂੰ ਚੰਗੀ ਵਿਦਿਆ ਦਿਤੀ ਗਈ, ਤੀਖਣ ਬੁੱਧੀ ਤੇ ਰਾਜਿਆਂ ਵਾਲੇ ਗੁਣ ਇਸ ਬਾਲਕ ਵਿਚ ਪਹਿਲਾਂ ਹੀ ਸਨ। ਬਾਲਕ ਜਵਾਨ ਹੋ ਗਿਆ, ਕਲਿੰਦਰ ਨੇ ਇਸ ਨੂੰ ਅਪਣੇ ਰਾਜ ਦਾ ਵਾਰਸ ਬਣਾ ਦਿਤਾ, ਕਿਉਂਕਿ ਕਲਿੰਦਰ ਦੇ ਪੁਤ੍ਰ ਨਹੀਂ ਸੀ। ਇਸ ਗੱਲ ਦਾ ਜਦ ਧ੍ਰਿਸ਼ਟਬੁੱਧੀ ਨੂੰ ਪਤਾ ਲੱਗਾ ਤਾਂ ਉਹ ਵੀ ਦੇਖਣ ਵਾਸਤੇ ਗਿਆ। ਰਾਜੇ ਕਲਿੰਦਰ ਦੀ ਰਿਆਸਤ ਵੀ ਕੁੰਤਲ ਪੁਰ ਰਾਜ ਦੇ ਅਧੀਨ ਸੀ। ਰਾਜੇ ਕਲਿੰਦਰ ਨੇ ਧ੍ਰਿਸ਼ਟਬੁੱਧੀ ਦਾ ਬੜਾ ਸਨਮਾਨ ਕੀਤਾ, ਜਦ ਧ੍ਰਿਸ਼ਟਬੁੱਧੀ ਨੇ ਚੰਦ੍ਰਹਾਂਸ ਨੂੰ ਦੇਖਿਆ ਤਾਂ ਉਸ ਨੇ ਪਛਾਣ ਲਿਆ ਅਤੇ ਸਿਰ ਨੀਵਾਂ ਕਰ ਲਿਆ। ਸੰਤਾਂ ਦੇ ਕਹੇ ਬਚਨ ਇਸ ਨੂੰ ਯਾਦ ਆਏ, ਧ੍ਰਿਸ਼ਟਬੁੱਧੀ ਸੋਚਣ ਲੱਗਾ ਕਿ ਇਹ ਬਾਲਕ ਜਲਾਦਾਂ ਕੋਲੋਂ ਤਾਂ ਬਚ ਗਿਆ, ਪਰ ਮੈਂ ਹੁਣ ਇਸ ਨੂੰ ਮਰਵਾ ਕੇ ਹੀ ਰਹਾਂਗਾ। ਧ੍ਰਿਸ਼ਟਬੁੱਧੀ ਨੇ ਚੰਦ੍ਰਹਾਂਸ ਦੇ ਹੱਥ ਅਪਣੇ ਪੁਤ੍ਰ ਮਦਨ ਦੇ ਨਾਮ ਇਕ ਚਿੱਠੀ ਭੇਜੀ ਕਿ ਇਸ ਨੂੰ ਤੁਰੰਤ ਬਿਖ ਦੇ ਦਿਓ। ਚੰਦ੍ਰਹਾਂਸ ਚਿੱਠੀ ਲੈ ਕੇ ਜਦ ਗਿਆ ਤਾਂ ਧ੍ਰਿਸ਼ਟਬੁਧੀ ਦੇ ਮਹਿਲ ਲਾਗੇ ਬਾਗ ਵਿਚ ਥਕੇਵਾਂ ਦੂਰ ਕਰਨ ਲਈ ਬੈਠਾ ਤਾਂ ਇਸ ਨੂੰ ਨੀਂਦ ਆ ਗਈ । ਧ੍ਰਿਸ਼ਟਬੁਧੀ ਦੀ ਲੜਕੀ ਬਾਗ ਵਿਚ ਸੈਰ ਕਰਦੀ ਜਦ ਚੰਦ੍ਰਹਾਂਸ ਲਾਗੇ ਆਈ ਤਾਂ ਮਨਮੋਹਣੀ ਮੂਰਤ ਦੇਖ ਕੇ ਮੋਹਿਤ ਹੋ ਗਈ। ਚੰਦ੍ਰਹਾਂਸ ਦੇ ਪੱਲੇ ਵਿਚ ਪਈ ਚਿੱਠੀ ਖੋਲ੍ਹ ਕੇ ਜਦ ਲੜਕੀ ਨੇ ਦੇਖੀ ਤਾਂ ਦੁਖੀ ਹੋਈ। ਨੇਤ੍ਰ ਦੇ ਕੱਜਲ ਨਾਲ ਬਿਖ ਸ਼ਬਦ ਦਾ ਬਿਖਿਆ ਬਣਾ ਦਿਤਾ ਤੇ ਚਲੀ ਗਈ, ਬਿਖਿਆ ਇਸ ਲੜਕੀ ਦਾ ਨਾਮ ਸੀ। ਚੰਦ੍ਰਹਾਂਸ ਜਾਗ ਕੇ ਮਦਨ ਪਾਸ ਪੁਜਾ, ਚਿੱਠੀ ਪੜ੍ਹੀ, ਜਿਸ ਵਿਚ ਲਿਖਿਆ ਸੀ ਕਿ ਇਸ ਨੂੰ ਤੁਰੰਤ ਬਿਖਿਆ ਦੇ ਦਿਓ। ਮਦਨ ਨੇ ਤੁਰੰਤ ਦੋਹਾਂ ਦਾ ਵਿਆਹ ਕਰ ਦਿਤਾ। ਤਿੰਨ ਦਿਨਾਂ ਬਾਦ ਜਦ ਧ੍ਰਿਸ਼ਟ ਬੁੱਧੀ ਵਾਪਸ ਮਹਿਲ ਵਿਚ ਵੜਿਆ, ਤਾਂ ਚੰਦ੍ਰਹਾਂਸ ਨੂੰ ਘਰ ਦਾ ਜੁਆਈ ਬਣਿਆ ਦੇਖ ਕੇ ਬੜਾ ਦੁਖੀ ਹੋਇਆ। ਧ੍ਰਿਸ਼ਟਬੁੱਧੀ ਨੇ ਜਲਾਦਾਂ ਨੂੰ ਕਿਹਾ ਕਿ ਚੰਦ੍ਰਹਾਂਸ ਰੋਜ ਭਵਾਨੀ ਮੰਦਰ ਵਿਚ ਜਾਂਦਾ ਹੈ, ਉਥੇ ਗਏ ਨੂੰ ਕਤਲ ਕਰ ਦਿਓ। ਕੁਦਰਤੀ ਮਦਨ ਚੰਦ੍ਰਹਾਂਸ ਤੋਂ ਪਹਿਲਾਂ ਮੰਦਰ ਵਿਚ ਪੁਜ ਗਿਆ। ਜਲਾਦਾਂ ਨੇ ਚੰਦ੍ਰਹਾਂਸ ਦੇ ਭੁਲੇਖੇ ਮਦਨ ਨੂੰ ਮਾਰ ਦਿਤਾ। ਪੁਤ੍ਰ ਦੀ ਮੌਤ ਧ੍ਰਿਸ਼ਟਬੁਧੀ ਸਹਾਰ ਨਾ ਸਕਿਆ, ਉਸ ਨੇ ਵੀ ਆਤਮ ਘਾਤ ਕਰ ਲਿਆ, ਇਉਂ ਜੈਸਾ ਕੋਈ ਬੀਜਦਾ ਹੈ, ਵੈਸਾ ਹੀ ਉਸਦਾ ਫਲ ਭੋਗਦਾ ਹੈ। ਕੁੰਤਲ ਪੁਰ ਰਾਜੇ ਨੇ ਵੀ ਅਪਣੀ ਲੜਕੀ ਦੀਪਕ ਮਾਲਨੀ ਦਾ ਵਿਆਹ ਚੰਦ੍ਰਹਾਂਸ ਨਾਲ ਕਰ ਦਿਤਾ।

ਨਟ ਮਹਲਾ ੪ ॥ ਰਾਮ, ਕਰਿ ਕਿਰਪਾ ਲੇਹੁ ਉਬਾਰੇ ॥ ਜਿਉ ਪਕਰਿ ਦ੍ਰੋਪਤੀ ਦੁਸਟਾਂ ਆਨੀ, ਹਰਿ ਹਰਿ ਲਾਜ ਨਿਵਾਰੇ ॥੧॥ਰਹਾਉ॥ ਕਰਿ ਕਿਰਪਾ ਜਾਚਿਕ ਜਨ ਤੇਰੇ, ਇਕੁ ਮਾਗਉ ਦਾਨੁ ਪਿਆਰੇ ॥ ਸਤਿਗੁਰ ਕੀ ਨਿਤ ਸਰਧਾ ਲਾਗੀ, ਮੋ ਕਉ ਹਰਿ ਗੁਰੁ ਮੇਲਿ ਸਵਾਰੇ ॥੧॥ ਸਾਕਤ ਕਰਮ ਪਾਣੀ ਜਿਉ ਮਥੀਐ, ਨਿਤ ਪਾਣੀ ਝੋਲ ਝੁਲਾਰੇ ॥ ਮਿਲਿ ਸਤਸੰਗਤਿ ਪਰਮ ਪਦੁ ਪਾਇਆ, ਕਢਿ ਮਾਖਨ ਕੇ ਗਟਕਾਰੇ ॥੨॥ ਹੇ ਰਾਮ! ਕ੍ਰਿਪਾ ਕਰਕੇ ਮੈਨੂੰ (ਵਿਕਾਰਾਂ ਤੋਂ) ਬਚਾ ਲੈ। ਜਿਵੇਂ ਦੁਸ਼ਟਾਂ ਨੇ ਦ੍ਰੋਪਤੀ ਨੂੰ ਫੜ ਕੇ (ਦੁਰਜੋਧਨ ਦੀ ਸਭਾ ਵਿਚ) ਲਿਆਂਦਾ ਸੀ, ਹੇ ਹਰੀ! (ਉਸ ਵੇਲੇ ਤੈਂ ਉਸ ਨੂੰ) ਨੰਗੀ ਹੋਣ ਦੀ ਸ਼ਰਮ ਤੋਂ ਬਚਾਇਆ ਸੀ।੧। ਰਹਾਉ। ਹੇ ਪਿਆਰੇ ਪ੍ਰਭੂ! ਅਸੀਂ ਸੇਵਕ ਜਨ ਤੇਰੇ ਮੰਗਤੇ ਹਾਂ, ਮੈਂ (ਤੇਰੇ ਦਰ ਤੋਂ) ਇਕ ਦਾਨ ਮੰਗਦਾ ਹਾਂ। (ਮੇਰੇ ਮਨ ਵਿਚ) ਨਿਤ ਸਤਿਗੁਰੂ ਨੂੰ ਮਿਲਣ ਦੀ ਸ਼ਰਧਾ ਲੱਗੀ ਹੋਈ ਹੈ, ਹੇ ਹਰੀ! ਮੈਨੂੰ ਗੁਰੂ ਮਿਲਾ ਕੇ (ਮੇਰਾ ਜੀਵਨ) ਸਵਾਰ ਦੇ।੧। ਸਾਕਤ ਮਨੁੱਖਾਂ ਦੇ ਕਰਮ ਇਹੋ ਜਿਹੇ ਹਨ ,ਜਿਵੇਂ ਪਾਣੀ ਰਿੜਕੀਦਾ ਹੈ, (ਉਹ) ਨਿਤ ਪਾਣੀ ਝੋਲ ਕੇ ਰਿੜਕਦਾ ਹੈ। (ਪਰ ਜਿਸ ਮਨੁੱਖ ਨੇ) ਸਤਸੰਗਤ ਵਿਚ ਮਿਲ ਕੇ ਪਰਮ ਪਦ ਪਾਇਆ ਹੈ, (ਉਹ) ਮੱਖਣ ਕੱਢ ਕੇ (ਉਸ ਨੂੰ) ਗਟ ਗਟ ਕਰ (ਸਵਾਦ ਲਾ ਲਾ) ਕੇ ਖਾਂਦਾ ਹੈ।੨।

ਅੰਗ ੯੮੩ = ਨਿਤ ਨਿਤ ਕਾਇਆ ਮਜਨੁ ਕੀਆ, ਨਿਤ ਮਲਿ ਮਲਿ ਦੇਹ ਸਵਾਰੇ ॥ ਮੇਰੇ ਸਤਿਗੁਰ ਕੇ ਮਨਿ ਬਚਨ ਨ ਭਾਏ, ਸਭ ਫੋਕਟ ਚਾਰ ਸੀਗਾਰੇ ॥੩॥ ਮਟਕਿ ਮਟਕਿ ਚਲੁ ਸਖੀ ਸਹੇਲੀ, ਮੇਰੇ ਠਾਕੁਰ ਕੇ ਗੁਨ ਸਾਰੇ ॥ ਗੁਰਮੁਖਿ ਸੇਵਾ ਮੇਰੇ ਪ੍ਰਭ ਭਾਈ, ਮੈ ਸਤਿਗੁਰ ਅਲਖੁ ਲਖਾਰੇ ॥੪॥ (ਜਿਸ ਮਨੁੱਖ ਨੇ ਤੀਰਥਾਂ ਤੇ) ਹਰ ਰੋਜ ਸਰੀਰ ਦਾ ਇਸ਼ਨਾਨ ਕੀਤਾ ਹੈ ਅਤੇ ਹਰ ਰੋਜ ਮਲ ਮਲ ਕੇ ਅਪਣੇ ਸਰੀਰ ਨੂੰ ਸਵਾਰਦਾ ਹੈ। (ਜੇ ਉਸ ਦੇ) ਮਨ ਵਿਚ ਮੇਰੇ ਸਤਿਗੁਰੂ ਦੇ ਬਚਨ ਚੰਗੇ ਨਹੀਂ ਲੱਗਦੇ, (ਤਾਂ ਉਸ ਦੇ) ਸਾਰੇ ਸੁੰਦਰ ਸ਼ਿੰਗਾਰ ਬਿਅਰਥ ਹਨ।੩। ਹੇ ਪਿਆਰੀ ਸਖੀ ਸਹੇਲੀ! ਨਖਰੇ ਤੇ ਮੌਜ (ਠੁਮਕ ਠੁਮਕ; ਮਸਤ ਚਾਲ ਨਾਲ) ਭਾਵ ਪ੍ਰੇਮ ਨਾਲ ਗੁਰੂ ਦੇ ਰਸਤੇ ਤੇ ਚੱਲ ਅਤੇ ਮੇਰੇ ਮਾਲਕ ਪ੍ਰਭੂ ਦੇ ਗੁਣ (ਮਨ ਵਿਚ) ਸੰਭਾਲ ਕੇ ਰੱਖ। ਗੁਰੂ ਦੀ ਕੀਤੀ ਹੋਈ ਸੇਵਾ ਮੇਰੇ ਪ੍ਰਭੂ ਨੂੰ ਚੰਗੀ ਲਗਦੀ ਹੈ, (ਇਉਂ ਬੇਨਤੀ ਕਰ ਕਿ) ਹੇ ਸਤਿਗੁਰੂ! ਮੈਨੂੰ ਅਲੱਖ ਪ੍ਰਭੂ ਦੀ ਸੂਝ ਬਖਸ਼।੪।

ਪਦਾਰਥ = ਰਾਮ–ਹੇ ਪ੍ਰਭੂ!। ਕਰਿ–ਕਰ ਕੇ। ਲੇਹੁ ਉਬਾਰੇ–ਬਚਾ ਲਵੋ। ਪਕਰਿ–ਫੱੜ ਕੇ। ਆਨੀ–ਲਿਆਂਦੀ। ਲਾਜ–ਸ਼ਰਮ। ਨਿਵਾਰੇ–

ਬਚਾਇਆ ਸੀ।੧।ਰਹਾਉ।ਜਾਚਿਕ–ਮੰਗਤੇ।ਜਨ–ਸੇਵਕ।ਮਾਗਉ–ਮੈਂ ਮੰਗਦਾ ਹਾਂ।ਪਿਆਰੇ–ਹੇ ਪਿਆਰੇ!।ਨਿਤ–ਸਦਾ; ਹਰ ਰੋਜ।ਮੋ ਕਉ–ਮੈਨੂੰ।ਸਵਾਰੇ–ਸਵਾਰ ਦੇ।੧।ਸਾਕਤ–ਪ੍ਰਭੂ ਤੋਂ ਬੇਮੁਖ ਹੋਇਆ ਮਨੁੱਖ।ਕਰਮ–ਕੰਮ।ਮਥੀਐ–ਰਿੜਕੀਦਾ ਹੈ।ਝੋਲ ਝੁਲਾਰੇ–ਝੋਲ ਕੇ ਰਿੜਕਦਾ ਹੈ।ਮਿਲਿ–ਮਿਲ ਕੇ।ਪਰਮ ਪਦੁ–ਸਭ ਤੋਂ ਉਚੀ ਆਤਮਕ ਅਵਸਥਾ।ਕਢਿ–ਕਢ ਕੇ।ਗਟਕਾਰੇ–ਕੋਈ ਚੀਜ ਖਾਣ ਪੀਣ ਸਮੇਂ ਗਲੇ ਵਿਚ ਗਟ ਗਟ ਦੀ ਅਵਾਜ ਆਉਣੀ।੨।ਕਾਇਆ–ਸਰੀਰ।ਮਜਨੁ ਕੀਆ–ਇਸ਼ਨਾਨ ਕੀਤਾ।ਮਲਿ ਮਲਿ–ਮਲ ਮਲ ਲੇ।ਦੇਹ–ਸਰੀਰ।ਸਵਾਰੇ–ਸਵਾਰਦਾ ਹੈ।ਮਨਿ–ਮਨ ਵਿਚ।ਨ ਭਾਏ–ਚੰਗੇ ਨਹੀਂ ਲਗਦੇ।ਫੋਕਟ–ਬਿਅਰਥ; ਫੋਕੇ। ਚਾਰ–ਸੁੰਦਰ।੩।ਮਟਕਿ ਮਟਕਿ–ਠੁਮਕ ਠੁਮਕ ਕੇ (ਮੌਜ ਵਾਲੀ ਮਸਤ ਚਾਲ ਨਾਲ)।ਸਖੀ ਸਹੇਲੀ–ਹੇ ਸਖੀ ਸਹੇਲੀ!।ਠਾਕੁਰ ਕੇ –ਮਾਲਕ ਦੇ।ਸਾਰੇ–ਸੰਭਾਲ ਕੇ ਰੱਖ।ਗੁਰਮੁਖਿ–ਗੁਰੂ ਦੀ।ਭਾਈ–ਚੰਗੀ ਲਗਦੀ ਹੈ।ਅਲਖੁ (ਅਲੱਖ ਪੜ੍ਹੋ)–ਜਿਸ ਦਾ ਸਹੀ ਸਰੂਪ ਬਿਆਨ ਨਾ ਕੀਤਾ ਜਾ ਸਕੇ।ਮੈ–ਮੈਨੂੰ।ਲਖਾਰੇ–ਜਣਾ ਦੇ (ਸੂਝ ਬਖਸ਼)।੪।

ਨਾਰੀ ਪੁਰਖੁ ਪੁਰਖੁ ਸਭ ਨਾਰੀ, ਸਭੁ ਏਕੋ ਪੁਰਖੁ ਮੁਰਾਰੇ ॥ ਸੰਤ ਜਨਾ ਕੀ ਰੇਨੁ ਮਨਿ ਭਾਈ, ਮਿਲਿ ਹਰਿ ਜਨ ਹਰਿ ਨਿਸਤਾਰੇ ॥ ੫॥ ਗ੍ਰਾਮ ਗ੍ਰਾਮ ਨਗਰ ਸਭ ਫਿਰਿਆ, ਰਿਦ ਅੰਤਰਿ ਹਰਿ ਜਨ ਭਾਰੇ ॥ ਸਰਧਾ ਸਰਧਾ ਉਪਾਇ ਮਿਲਾਏ, ਮੋ ਕਉ ਹਰਿ ਗੁਰ ਗੁਰਿ ਨਿਸਤਾਰੇ ॥੬॥ ਪਵਨ ਸੂਤੁ ਸਭੁ ਨੀਕਾ ਕਰਿਆ, ਸਤਿਗੁਰਿ ਸਬਦੁ ਵੀਚਾਰੇ ॥ ਨਿਜ ਘਰਿ ਜਾਇ ਅੰਮ੍ਰਿਤ ਰਸੁ ਪੀਆ, ਬਿਨੁ ਨੈਨਾ ਜਗਤੁ ਨਿਹਾਰੇ ॥੭॥ ਤਉ ਗੁਨ ਈਸ ਬਰਨਿ ਨਹੀ ਸਾਕਉ ,ਤੁਮ ਮੰਦਰ ਹਮ ਨਿਕ ਕੀਰੇ ॥ ਨਾਨਕ ਕ੍ਰਿਪਾ ਕਰਹੁ ਗੁਰ ਮੇਲਹੁ ,ਮੈ ਰਾਮੁ ਜਪਤ ਮਨੁ ਧੀਰੇ ੮॥੫॥ ਜੋ ਨਾਰੀ (ਪ੍ਰਕਿਰਤੀ) ਦਾ ਪੁਰਖ ਹੈ, ਉਹ ਸਭ ਨਾਰੀਆਂ (ਜੀਵਾਂ) ਦਾ ਪੁਰਖ (ਪਤੀ) ਹੈ, (ਵਾਸਤਵ ਵਿਚ) ਸਭ ਇਕੋ ਵਾਹਿਗੁਰੂ ਪੁਰਖ ਹੈ (ਸ਼ਬਦਾਰਥ।ਪਰ ਜਿਨ੍ਹਾਂ ਮਨੁੱਖਾਂ ਦੇ) ਮਨ ਵਿਚ ਸੰਤ ਜਨਾਂ ਦੀ ਚਰਨ ਧੂੜ ਚੰਗੀ ਲੱਗੀ ਹੈ ,(ਉਹ) ਹਰੀ ਦੇ ਸੇਵਕਾਂ ਨੂੰ ਮਿਲ ਕੇ ਨਾਮ ਜਪਦੇ ਹਨ, (ਇਸ ਲਈ ਉਨ੍ਹਾਂ ਨੂੰ) ਹਰੀ ਨੇ ਭਵਜਲ ਤੋਂ ਤਾਰ ਦਿਤਾ ਹੈ।੫।ਮੈਂ ਪਿੰਡ ਪਿੰਡ ਤੇ ਸਾਰੇ ਸ਼ਹਿਰਾਂ ਵਿਚ (ਪ੍ਰਭੂ ਨੂੰ ਲੱਭਦਾ) ਫਿਰਿਆ, (ਪਰ ਉਹ ਨਹੀਂ ਮਿਲਿਆ), ਹਰੀ ਦੇ ਸੇਵਕਾਂ ਨੇ (ਪ੍ਰਭੂ ਨੂੰ) ਹਿਰਦੇ ਅੰਦਰ ਹੀ ਭਾਲ ਲਿਆ।(ਹਰੀ ਨੇ ਸੰਤਾਂ ਅੰਦਰ) ਸ਼ਰਧਾ ਪੈਦਾ ਕਰਕੇ (ਉਨ੍ਹਾਂ ਨੂੰ ਅਪਣੇ ਨਾਲ) ਮਿਲਾਇਆ ਹੈ, (ਮੇਰਾ ਨਿਸ਼ਚਾ ਹੈ ਕਿ) ਹਰੀ ਮੈਨੂੰ ਵੀ ਪੂਜਨੀਕ ਗੁਰੂ ਰਾਹੀਂ (ਭਵਜਲ ਤੋਂ) ਤਾਰ ਲਵੇਗਾ।੬।(ਜਿਸ ਮਨੁੱਖ ਨੇ) ਸਤਿਗੁਰੂ (ਦੇ ਚਰਨਾਂ) ਵਿਚ ਜੁੜ ਕੇ ਸ਼ਬਦ ਨੂੰ ਵਿਚਾਰਿਆ ਹੈ, (ਉਸ ਨੇ ਨਾਮ ਜਪ ਕੇ) ਸੁਆਸਾਂ ਦੇ ਧਾਗੇ ਨੂੰ ਸਭ ਸੋਹਣਾ ਕਰ ਲਿਆ ਹੈ (ਸਫਲ ਬਣਾ ਲਿਆ।ਉਸ ਨੇ) ਅਪਣੇ ਅਸਲੀ ਘਰ (ਸ੍ਵੈ ਸਰੂਪ) ਵਿਚ ਜਾ ਕੇ ਨਾਮ ਅੰਮ੍ਰਿਤ ਰਸ ਪੀਤਾ ਹੈ, (ਇਸ ਤਰ੍ਹਾਂ ਉਸ ਨੇ) ਸਥੂਲ ਅੱਖਾਂ ਤੋਂ ਬਿਨਾ (ਦੈਵੀ ਅੱਖਾਂ ਨਾਲ) ਜਗਤ ਨੂੰ ਬ੍ਰਹਮ ਰੂਪ ਦੇਖਿਆ; ਜਗਤ ਨੂੰ ਅੰਨ੍ਹਾ (ਅਗਿਆਨੀ) ਦੇਖਿਆ ਹੈ।੭।ਹੇ ਈਸ਼੍ਵਰ! ਮੈਂ ਤੇਰੇ ਸਾਰੇ ਗੁਣ ਵਰਨਣ ਨਹੀਂ ਕਰ ਸਕਦਾ, ਤੂੰ ਵਿਸ਼ਾਲ ਮਹਿਲ ਰੂਪ ਹੈਂ, ਅਸੀਂ ਜੀਵ (ਉਸ ਮਹਿਲ ਵਿਚ ਰਹਿਣ ਵਾਲੇ) ਨਿੱਕੇ ਕੀੜੇ ਹਾਂ। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਪ੍ਰਭੂ! (ਮੇਰੇ ਉਤੇ) ਕ੍ਰਿਪਾ ਕਰ, (ਮੈਨੂੰ) ਗੁਰੂ ਮਿਲਾ ਦੇ, ਤਾਂ ਕਿ ਰਾਮ ਨਾਮ ਜਪਦਿਆਂ ਮੇਰਾ ਮਨ (ਤੇਰੇ ਚਰਨਾਂ ਵਿਚ) ਟਿਕਿਆ ਰਹੇ; ਮੇਰਾ ਮਨ ਧੀਰਜ ਵਿਚ (ਸ਼ਾਂਤ) ਰਹੇ।੮।੫।

ਨਾਰੀ ਪੁਰਖੁ = ਸਾਰੇ ਜੀਵ ਪ੍ਰਭੂ ਤੋਂ ਪੈਦਾ ਹੋਏ ਹਨ, ਸਾਰੇ ਜੀਵਾਂ ਵਿਚ ਪ੍ਰਭੂ ਹੈ; (ਜਗਤ ਵਿਚ ਚਾਹੇ ਕੋਈ) ਇਸਤ੍ਰੀ ਹੈ, ਚਾਹੇ ਪੁਰਖ ਹੈ, ਸਭ ਇਸਤ੍ਰੀਆਂ ਰੂਪ ਹਨ, (ਸਭ ਦਾ ਮਾਲਕ) ਇਕੋ ਮੁਰਾਰੀ ਪੁਰਖ ਹੈ, ਜੋ ਸਾਰੇ ਜੀਵਾਂ ਵਿਚ ਵਿਆਪਕ ਹੈ।

ਪਦਾਰਥ = ਨਾਰੀ–ਪ੍ਰਕ੍ਰਿਤੀ।ਪੁਰਖੁ–ਪਤੀ।ਸਭ ਨਾਰੀ–ਸਾਰੇ ਇਸਤ੍ਰੀਆਂ (ਜੀਵਾਂ) ਦਾ।ਪੁਰਖੁ ਮੁਰਾਰੇ–ਸਰਬ ਵਿਆਪਕ ਪ੍ਰਭੂ।ਰੇਨੁ –ਚਰਨ ਧੂੜ।ਮਨਿ–ਮਨ ਵਿਚ।ਭਾਈ–ਚੰਗੀ ਲੱਗੀ ਹੈ।ਮਿਲਿ–ਮਿਲ ਕੇ।ਜਨ–ਸੇਵਕ।ਹਰਿ–ਹਰੀ ਨੇ।ਨਿਸਤਾਰੇ–ਤਾਰ ਦਿਤੇ।੫। ਗ੍ਰਾਮ–ਪਿੰਡ।ਨਗਰ–ਸ਼ਹਿਰ।ਸਭ–ਸਭ ਜਗ੍ਹਾ।ਰਿਦ ਅੰਤਰਿ–ਹਿਰਦੇ ਅੰਦਰ।ਭਾਰੇ–ਭਾਲ ਲਿਆ।ਉਪਾਇ–ਪੈਦਾ ਕਰਕੇ।ਮੋ ਕਉ– ਮੈਨੂੰ।ਗੁਰਿ–ਗੁਰੂ ਰਾਹੀਂ।ਨਿਸਤਾਰੇ–ਤਾਰ ਲਵੇਗਾ।੬।ਪਵਨ ਸੂਤੁ–ਸੁਆਸਾਂ ਦਾ ਧਾਗਾ।ਨੀਕਾ ਕਰਿਆ–ਸੋਹਣਾ ਬਣਾ ਲਿਆ।ਸਤਿ ਗੁਰਿ–ਸਤਿਗੁਰੂ ਵਿਚ।ਨਿਜ ਘਰਿ–ਅਪਣੇ ਅਸਲੀ ਘਰ ਵਿਚ (ਅੰਤਰ ਆਤਮੇ)।ਜਾਇ–ਜਾ ਕੇ।ਪੀਆ–ਪੀਤਾ ਹੈ।ਬਿਨੁ ਨੈਨਾ– ਸਥੂਲ ਅੱਖਾਂ ਤੋਂ ਬਿਨਾ (ਗਿਆਨ ਤੇ ਵੀਚਾਰ ਰੂਪ ਅੱਖਾਂ ਨਾਲ)।ਨਿਹਾਰੇ–ਦੇਖ ਲਿਆ।੭।ਤਉ–ਤੇਰੇ।ਈਸ–ਹੇ ਈਸ਼ਵਰ।ਬਰਨ ਨ ਸਾਕਉ–ਵਰਨਣ ਨਹੀ ਕਰ ਸਕਦਾ।ਹਮ–ਅਸੀਂ (ਜੀਵ)।ਨਿਕ ਕੀਰੇ–ਨਿੱਕੇ ਕੀੜੇ।ਮੈ–ਮੇਰਾ।ਧੀਰੇ–ਟਿਕਿਆ ਰਹੇ।੮।੫।

ਨਟ ਮਹਲਾ ੪ ॥ ਮੇਰੇ ਮਨ, ਭਜੁ ਠਾਕੁਰ ਅਗਮ ਅਪਾਰੇ ॥ ਹਮ ਪਾਪੀ ਬਹੁ ਨਿਰਗੁਣੀਆਰੇ, ਕਰਿ ਕਿਰਪਾ ਗੁਰਿ ਨਿਸਤਾਰੇ ॥੧॥ ਰਹਾਉ॥ ਸਾਧੂ ਪੁਰਖ ਸਾਧ ਜਨ ਪਾਏ, ਇਕ ਬਿਨਉ ਕਰਉ ਗੁਰ ਪਿਆਰੇ ॥ ਰਾਮ ਨਾਮੁ ਧਨੁ ਪੂਜੀ ਦੇਵਹੁ ,ਸਭੁ ਤਿਸਨਾ ਭੂਖ ਨਿਵਾਰੇ ॥੧॥ ਪਚੈ ਪਤੰਗੁ ਮ੍ਰਿਗ ਭ੍ਰਿੰਗ ਕੁੰਚਰ ਮੀਨ, ਇਕ ਇੰਦ੍ਰੀ ਪਕਰਿ ਸਘਾਰੇ ॥ ਪੰਚ ਭੂਤ ਸਬਲ ਹੈ ਦੇਹੀ, ਗੁਰੁ ਸਤਿਗੁਰੁ

ਪਾਪ ਨਿਵਾਰੇ ॥੨॥ ਸਾਸਤ੍ਰ ਬੇਦ ਸੋਧਿ ਸੋਧਿ ਦੇਖੇ, ਮੁਨਿ ਨਾਰਦ ਬਚਨ ਪੁਕਾਰੇ ॥ ਰਾਮ ਨਾਮ ਪੜਹੁ ਗਤਿ ਪਾਵਹੁ ,ਸਤਸੰਗਤਿ ਗੁਰਿ ਨਿਸਤਾਰੇ ॥੩॥ ਪ੍ਰੀਤਮ ਪ੍ਰੀਤਿ ਲਗੀ ਪ੍ਰਭ ਕੇਰੀ, ਜਿਵ ਸੂਰਜੁ ਕਮਲੁ ਨਿਹਾਰੇ ॥ ਮੇਰ ਸੁਮੇਰ ਮੋਰੁ ਬਹੁ ਨਾਚੈ, ਜਬ ਉਨਵੈ ਘਨ ਘਨਹਾਰੇ ॥੪॥ ਹੇ ਮੇਰੇ ਮਨ! ਤੂੰ ਅਪਹੁੰਚ ਤੇ ਬੇਅੰਤ ਪ੍ਰਭੂ ਦਾ ਭਜਨ ਕਰਿਆ ਕਰ। (ਅਤੇ ਇਉਂ ਬੇਨਤੀ ਕਰ ਕਿ ਹੇ ਪ੍ਰਭੂ!) ਅਸੀਂ ਜੀਵ ਬਹੁਤ ਪਾਪੀ ਤੇ ਗੁਣ ਹੀਣ ਹਾਂ, ਕ੍ਰਿਪਾ ਕਰਕੇ (ਸਾਨੂੰ ਜੀਵਾਂ ਨੂੰ) ਗੁਰੂ ਰਾਹੀਂ ਭਵਜਲ ਤੋਂ ਤਾਰ ਲੈ।੧।ਰਹਾਉ।(ਜੋ ਮਨੁੱਖ) ਸਾਧੂ ਪੁਰਖ ਸਤਿਗੁਰੂ ਦੀ ਸੰਗਤ ਪ੍ਰਾਪਤ ਕਰ ਲੈਂਦਾ ਹੈ, (ਉਹ) ਮਨੁੱਖ ਸਾਧੂ ਹੋ ਜਾਂਦਾ ਹੈ, ਮੈਂ ਵੀ (ਉਸ) ਪਿਆਰੇ ਗੁਰੂ ਅੱਗੇ ਇਕ ਬੇਨਤੀ ਕਰਦਾ ਹਾਂ। (ਕਿ ਮੈਨੂੰ) ਪ੍ਰਭੂ ਦਾ ਨਾਮ ਧਨ ਰੂਪ ਪੂੰਜੀ ਦੇਵੇਂ, (ਜੋ ਮੇਰੇ ਅੰਦਰੋਂ ਪਦਾਰਥਾਂ ਦੀ) ਭੁੱਖ ਤੇ ਤ੍ਰਿਸ਼ਨਾ ਦੂਰ ਕਰ ਦੇਵੇ।੧।(ਹੇ ਭਾਈ!) ਪਤੰਗਾ ਦੀਵੇ ਦੀ ਲਾਟ ਦੇ ਪ੍ਰੇਮ ਵਿਚ ਸੜਦਾ ਹੈ, ਹਿਰਨ ਘੰਟੇ ਦੀ ਅਵਾਜ ਦੇ ਰਸ ਲਈ ਫਸਦਾ ਹੈ, ਭੌਰਾ ਵਾਸ਼ਨਾ ਲਈ, ਹਾਥੀ ਕਾਮ ਵਸ ਅਤੇ ਮੱਛੀ ਲੋਭ ਵਸ ਵਿਚ, (ਇਹ ਸਭ) ਇਕ ਇੰਦ੍ਰੀ ਦੇ ਦੋਸ਼ ਨੇ ਫੜ ਕੇ ਮਾਰੇ ਹਨ। ਮਨੁੱਖ ਦੀ ਦੇਹ ਵਿਚ ਪੰਜ ਭੂਤਨੇ (ਕਾਮਾਦਿਕ) ਬਲ ਸਹਿਤ ਵਸਦੇ ਹਨ, (ਜੋ ਮਨੁੱਖ ਨੂੰ ਹਰ ਵੇਲੇ ਦਬਾਈ ਰਖਦੇ ਹਨ, ਇਨ੍ਹਾਂ ਦੇ) ਪਾਪ ਪੂਜਨੀਕ ਸਤਿਗੁਰੂ ਹੀ ਦੂਰ ਕਰ ਸਕਦਾ ਹੈ।੨।(ਹੇ ਭਾਈ!) ਸ਼ਾਸਤ੍ਰ ਤੇ ਬੇਦ (ਪੜ੍ਹ ਕੇ) ਨਿਰਣਾ ਕਰਕੇ ਦੇਖ ਲਏ ਹਨ ਅਤੇ ਨਾਰਦ ਆਦਿਕ ਮੁਨੀ ਵੀ ਬਚਨ ਪੁਕਾਰ ਕੇ ਆਖਦੇ ਰਹੇ ਹਨ। ਕਿ ਪ੍ਰਭੂ ਦਾ ਨਾਮ ਪੜ੍ਹੋ ,ਤਾਂ ਹੀ ਮੁਕਤੀ ਪਾ ਸਕੋਗੇ, ਸਤਸੰਗਤ ਰਾਹੀਂ ਗੁਰੂ ਨੇ (ਪਾਪੀ ਮਨੁੱਖ ਭਵਜਲ ਤੋਂ) ਤਾਰੇ ਹਨ।੩।(ਜਿਸ ਮਨੁੱਖ ਦੇ ਮਨ ਵਿਚ) ਪਿਆਰੇ ਪ੍ਰਭੂ ਦੀ ਪ੍ਰੀਤ ਲਗੀ ਹੈ, (ਪ੍ਰੇਮ ਵਿਚ ਉਸ ਦਾ ਚਿੱਤ ਇਉਂ ਖਿੜਦਾ ਹੈ), ਜਿਵੇਂ ਕਮਲ ਫੁੱਲ ਸੂਰਜ ਨੂੰ ਦੇਖਦਾ ਹੋਇਆ ਖਿੜਦਾ ਹੈ। ਜਦੋਂ ਉਚੇ ਪਹਾੜਾਂ ਤੇ ਵਰਸਣ ਲਈ ਬੱਦਲ ਬਹੁਤ ਝੁਕਦਾ ਹੈ, (ਤਾਂ ਬੱਦਲ ਨੂੰ ਦੇਖ ਕੇ) ਮੋਰ ਬਹੁਤ ਨੱਚਦਾ ਹੈ (ਇਸੇ ਤਰ੍ਹਾਂ ਪ੍ਰੇਮੀ ਦਾ ਮਨ ਖੁਸ਼ ਹੁੰਦਾ ਹੈ)।੪।

ਪਦਾਰਥ = ਮਨ–ਹੇ ਮਨ! । ਭਜੁ–ਭਜਨ ਕਰ। ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ। ਅਪਾਰੇ–ਬੇਅੰਤ। ਹਮ–ਅਸੀਂ (ਜੀਵ)। ਬਹੁ–ਬਹੁਤ। ਨਿਰਗੁਣੀਆਰੇ–ਗੁਣ ਹੀਣ। ਗੁਰਿ–ਗੁਰੂ ਰਾਹੀਂ। ਨਿਸਤਾਰੇ–ਤਾਰ ਲੈ।੧।ਰਹਾਉ। ਸਾਧੂ ਪੁਰਖ–ਸ੍ਰੇਸ਼ਟ ਪੁਰਖ ਸਤਿਗੁਰੂ। ਸਾਧ ਜਨ–ਮਨੁੱਖ ਸਾਧ ਰੂਪ ਹੋ ਜਾਂਦਾ ਹੈ। ਪਾਏ–ਪ੍ਰਾਪਤ ਕਰਦਾ ਹੈ। ਬਿਨਉ–ਬੇਨਤੀ। ਕਰਉ–ਮੈਂ ਕਰਦਾ ਹਾਂ। ਰਾਮ ਨਾਮ–ਸਰਬ ਵਿਆਪਕ ਪ੍ਰਭੂ ਦਾ ਨਾਮ। ਤਿਸਨਾ–ਤ੍ਰਿਸ਼ਨਾ। ਨਿਵਾਰੇ–ਦੂਰ ਕਰ ਦੇਵੇ।੧। ਪਚੈ–ਸੜਦਾ ਹੈ। ਪਤੰਗੁ–ਪਰਵਾਨਾ (ਭਮੱਕੜ)। ਮ੍ਰਿਗ–ਹਿਰਨ। ਭ੍ਰਿੰਗ–ਭੌਰਾ। ਕੁੰਚਰ–ਹਾਥੀ। ਮੀਨ–ਮੱਛੀ। ਪਕਰਿ–ਫੜ ਕੇ। ਸਘਾਰੇ–ਮਾਰ ਦਿਤੇ। ਪੰਚ ਭੂਤ–ਪੰਜ ਕਾਮਾਦਿਕ ਭੂਤਨੇ। ਸਬਲ –ਬਲ ਵਾਲੇ। ਦੇਹੀ–ਸਰੀਰ ਵਿਚ। ਨਿਵਾਰੇ–ਦੂਰ ਕਰਦਾ ਹੈ।੨। ਸੋਧਿ–ਨਿਰਣਾ ਕਰਕੇ; ਵਿਚਾਰ ਕੇ। ਮੁਨਿ–ਰਿਸ਼ੀ ਮੁਨੀ। ਪੁਕਾਰੇ–ਪੁਕਾਰ ਕੇ। ਗਤਿ–ਮੁਕਤੀ। ਪਾਵਹੁ–ਪਾ ਸਕੋਗੇ। ਗੁਰਿ–ਗੁਰੂ ਨੇ। ਨਿਸਤਾਰੇ–ਤਾਰ ਦਿਤੇ।੩। ਪ੍ਰੀਤਮ–ਪਿਆਰੇ ਦਾ। ਕੇਰੀ–ਦੀ। ਜਿਵ –ਜਿਵੇਂ। ਨਿਹਾਰੇ–ਦੇਖਦਾ ਹੈ। ਮੇਰ–ਪਹਾੜ। ਜਬ–ਜਦ। ਉਨਵੈ–(ਵਰ੍ਹਨ ਲਈ) ਝੁਕਦਾ ਹੈ। ਘਨ–ਬਹੁਤ–ਘਨਹਾਰੇ–ਬੱਦਲ।੪।

ਸਾਕਤ ਕਉ ਅੰਮ੍ਰਿਤ ਬਹੁ ਸਿੰਚਹੁ ,ਸਭ ਡਾਲ ਫੂਲ ਬਿਸੁਕਾਰੇ ॥ ਜਿਉ ਜਿਉ ਨਿਵਹਿ ਸਾਕਤ ਨਰ ਸੇਤੀ, ਛੇੜਿ ਛੇੜਿ ਕਢੈ ਬਿਖੁ ਕਾਰੇ ॥੫॥ ਸੰਤਨ ਸੰਤ ਸਾਧ ਮਿਲਿ ਰਹੀਐ, ਗੁਣ ਬੋਲਹਿ ਪਰਉਪਕਾਰੇ ॥ ਸੰਤੈ ਸੰਤੁ ਮਿਲੈ ਮਨੁ ਬਿਗਸੈ, ਜਿਉ ਜਲ ਮਿਲਿ ਕਮਲ ਸਵਾਰੇ ॥੬॥ ਲੋਭ ਲਹਰਿ ਸਭੁ ਸੁਆਨੁ ਹਲਕੁ ਹੈ, ਹਲਕਿਓ ਸਭਹਿ ਬਿਗਾਰੇ ॥ ਮੇਰੇ ਠਾਕੁਰ ਕੈ ਦੀਬਾਨਿ ਖਬਰਿ ਹੋਈ, ਗੁਰਿ ਗਿਆਨੁ ਖੜਗੁ ਲੈ ਮਾਰੇ ॥੭॥ ਰਾਖੁ ਰਾਖੁ ਰਾਖੁ ਪ੍ਰਭ ਮੇਰੇ, ਮੈ ਰਾਖਹੁ ਕਿਰਪਾ ਧਾਰੇ ॥ ਨਾਨਕ ਮੈ ਧਰ ਅਵਰ ਨ ਕਾਈ, ਮੈ ਸਤਿਗੁਰੁ ਗੁਰ ਨਿਸਤਾਰੇ ॥੮॥੬॥ ਛਕਾ ੧ ॥ (ਹੇ ਭਾਈ!) ਸਾਕਤ ਮਨੁੱਖ (ਇਕ ਜਹਿਰੀਲਾ ਦਰੱਖਤ ਹੈ, ਉਸ) ਨੂੰ ਬੇਸ਼ਕ ਅੰਮ੍ਰਿਤ ਨਾਲ ਬਹੁਤ ਸਿੰਜੀ ਜਾਓ (ਉਤਮ ਉਪਦੇਸ਼ ਦਿਓ, ਫਿਰ ਵੀ ਉਸ ਦੇ) ਸਾਰੇ ਇੰਦ੍ਰੇ ਰੂਪ ਟਾਹਣੀਆਂ ਤੇ ਕਰਮ ਰੂਪ ਫੁੱਲ (ਵਾਸ਼ਨਾ ਦੇ ਕਾਰਣ) ਜਹਿਰੀਲੇ ਹੀ ਰਹਿਣਗੇ। ਜਿਉਂ ਜਿਉਂ ਨੇਕ ਮਨੁੱਖ ਸਾਕਤ ਮਨੁੱਖ ਨਾਲ ਨਿਮ੍ਰਤਾ ਸਹਿਤ ਝੁਕਦੇ ਹਨ, (ਉਹ ਸਾਕਤ ਅੱਗੋਂ) ਛੇੜਾਂ ਛੇੜ ਛੇੜ ਕੇ ਅਪਣੇ ਅੰਦਰੋਂ ਵਿਹੁ ਰੂਪ ਕੌੜੇ ਬੋਲ ਬਾਹਰ ਕਢਦਾ ਹੈ।੫।(ਇਸ ਲਈ ਹੇ ਭਾਈ!) ਸ਼ਾਂਤ ਸਰੂਪ ਸ੍ਰੇਸ਼ਟ ਸੰਤਾਂ ਨਾਲ ਮਿਲ ਕੇ ਰਹਿਣਾ ਚਾਹੀਦਾ ਹੈ, (ਕਿਉਂਕਿ ਉਹ ਸਦਾ) ਪਰਉਪਕਾਰ ਵਾਲੇ ਭਲੇ ਬਚਨ ਬੋਲਦੇ ਹਨ। ਸੰਤ ਨੂੰ (ਜਦੋਂ) ਸੰਤ ਮਿਲਦਾ ਹੈ, (ਤਾਂ ਦੋਹਾਂ ਸੰਤਾਂ ਦਾ) ਮਨ ਇਉਂ ਖਿੜ ਜਾਂਦਾ ਹੈ, ਜਿਵੇਂ ਸਵੇਰ ਵੇਲੇ ਕਮਲ ਫੁੱਲ ਪਾਣੀ ਨੂੰ ਮਿਲ ਕੇ ਖਿੜਦਾ ਹੈ।੬। ਲੋਭ ਦੀ ਸਾਰੀ ਲਹਿਰ ਹਲਕੇ ਕੁੱਤੇ ਵਾਂਗ ਹੈ, ਹਲਕਿਆ ਕੁੱਤਾ ਸਭ ਨੂੰ ਵਿਗਾੜ ਦੇਂਦਾ ਹੈ (ਹਲਕਿਆ ਕੁੱਤਾ ਜਿਸ ਨੂੰ ਵੱਢਦਾ ਹੈ, ਉਹ ਵੀ ਹਲਕ ਜਾਂਦਾ ਹੈ, ਇਸੇ ਤਰ੍ਹਾਂ ਲੋਭੀ ਬੰਦਾ ਵੀ ਦੂਜਿਆਂ ਨੂੰ ਲੋਭੀ ਬਣਾ ਦੇਂਦਾ ਹੈ। ਜਦੋਂ ਲੋਭੀ ਬੰਦਾ ਲੋਭ ਦੂਰ ਕਰਨ ਲਈ ਗੁਰੂ ਦੇ ਦਰ ਤੇ ਅਰਦਾਸ ਕਰਦਾ ਹੈ, ਤਾਂ) ਮੇਰੇ ਮਾਲਕ ਪ੍ਰਭੂ ਦੇ ਦਿਵਾਨ ਵਿਚ ਖਬਰ ਹੁੰਦੀ ਹੈ (ਪ੍ਰਭੂ ਦੀ ਹਜੂਰੀ ਵਿਚ ਅਰਦਾਸ ਦੀ ਖਬਰ ਪਹੁੰਚਦੀ ਹੈ, ਤਾਂ ਪ੍ਰਭੂ) ਗੁਰੂ ਰਾਹੀਂ ਗਿਆਨ ਰੂਪ ਖੰਡਾ ਲੈ ਕੇ (ਉਸ ਦੇ ਅੰਦਰੋਂ ਲੋਭ ਰੂਪ ਹਲਕਾਇਆ ਕੁੱਤਾ) ਮਾਰ ਦਿੰਦਾ

ਹੈ (ਗੁਰੂ ਨੇ ਗਿਆਨ ਨਾਲ ਲੋਭ ਦੂਰ ਕਰ ਦਿਤਾ)।੭।ਹੇ ਮੇਰੇ ਪ੍ਰਭੂ! ਕ੍ਰਿਪਾ ਕਰਕੇ ਮੈਨੂੰ (ਲੋਭ ਰੂਪ ਹਲਕੇ ਕੁੱਤੇ ਤੋਂ ਮਨ, ਤਨ ਅਤੇ ਕਰਮ ਕਰਕੇ) ਬਚਾ ਕੇ ਰੱਖ।ਨਾਨਕ ਗੁਰੂ ਜੀ ਬੇਨਤੀ ਕਰਦੇ ਹਨ ਕਿ (ਹੇ ਪ੍ਰਭੂ!) ਮੇਰਾ ਹੋਰ ਕੋਈ ਆਸਰਾ ਨਹੀਂ, ਗੁਰੂ ਹੀ ਮੇਰਾ ਆਸਰਾ ਹੈ, ਸਤਿਗੁਰੂ (ਮੈਨੂੰ ਸੰਸਾਰ ਸਮੁੰਦਰ ਤੋਂ) ਤਾਰ ਲਵੇਗਾ।੮।੬।ਛੱਕਾ ੧।

ਪਦਾਰਥ = ਸਾਕਤ–ਪ੍ਰਭੂ ਨਾਲੋਂ ਟੁੱਟਿਆ ਮਨੁੱਖ।ਕਉ–ਨੂੰ।ਬਹੁ–ਬਹੁਤ।ਸਿੰਚਹੁ–ਸਿੰਜੀ ਜਾਓ।ਡਾਲ–ਟਾਹਣੀਆਂ।ਫੂਲ–ਫੁੱਲ। ਬਿਸੁਕਾਰੇ–ਜਹਿਰੀਲੇ।ਨਿਵਹਿ–ਝੁਕਦੇ (ਨਿਮ੍ਰਤਾ ਵਾਲਾ ਵਰਤਾਓ ਕਰਦੇ) ਹਨ।ਨਰ ਸੇਤੀ–ਮਨੁੱਖ ਨਾਲ।ਛੇੜਿ–ਛੇੜ ਕੇ।ਬਿਖ–ਵਿਹੁ।ਖਾਰੇ–ਬੇਸੁਆਦੇ; ਖਾਰਾ; ਕੌੜਾ।੫।ਸੰਤਨ–ਸੰਤਾਂ ਨਾਲ।ਮਿਲਿ ਰਹੀਐ–ਮਿਲ ਕੇ ਰਹਿਣਾ ਚਾਹੀਦਾ ਹੈ।ਗੁਣ ਬੋਲਹਿ–ਭਲੇ ਬਚਨ ਬੋਲਦੇ ਹਨ।ਪਰਉਪਕਾਰੇ–ਦੂਜਿਆਂ ਦੀ ਭਲਾਈ ਵਾਲੇ।ਸੰਤੈ–ਸੰਤ ਨੂੰ।ਮਿਲੈ–ਮਿਲਦਾ ਹੈ।ਬਿਗਸੈ–ਖਿੜ ਜਾਂਦਾ ਹੈ।ਕਮਲ–ਕਮਲ ਫੁੱਲ।ਸਵਾਰੇ–ਸਵੇਰ ਵੇਲੇ।੬।ਸੁਆਨੁ–ਕੁੱਤਾ।ਸਭਹਿ–ਸਭ ਨੂੰ।ਬਿਗਾਰੇ–ਵਿਗਾੜ ਦੇਂਦਾ ਹੈ।ਕੈ ਦੀਬਾਨਿ–ਦੇ ਦਰਬਾਰ ਵਿਚ।ਗੁਰਿ–ਗੁਰੂ ਰਾਹੀਂ।ਖੜਗੁ–ਖੰਡਾ; ਕਿਰਪਾਨ।ਮਾਰੇ–ਮਾਰ ਦਿੰਦਾ ਹੈ।੭।ਰਾਖੁ–(ਬਚਾ ਕੇ) ਰੱਖ।ਪ੍ਰਭ–ਹੇ ਪ੍ਰਭੂ!।ਮੈ–ਮੈਨੂੰ; ਮੇਰਾ।ਧਾਰੇ–ਧਾਰ ਕੇ।ਧਰ–ਆਸਰਾ।ਅਵਰ–ਹੋਰ।ਕਾਈ–ਕੋਈ।ਨਿਸਤਾਰੇ–ਤਾਰੇਗਾ।੮।੬।

ਛਕਾ = (ਛੱਕਾ ਪੜ੍ਹੋ) ਛੇ ਅਸ਼ਟਪਦੀਆਂ ਦੇ ਜੋੜ ਨੂੰ ਛੱਕਾ ਕਹਿੰਦੇ ਹਨ।